
ਆਸਾ ਦੀ ਵਾਰ

ੴ



ਪੰਜਾਬੀ ਸੱਥ

پنجابی ستھ

ਲੇਖਕ

ਅਨੂਪ ਸਿੰਘ 'ਨੂਰੀ'

ਆਸਾ ਦੀ ਵਾਰ

ਲੇਖਕ
ਅਨੂਪ ਸਿੰਘ 'ਨੂਰੀ'

ਪੰਜ ਨਦ ਪ੍ਰਕਾਸ਼ਨ
ਲਾਂਬੜਾ, ਜਲੰਧਰ- ਪੰਜਾਬ

ASSA DI WAR

By
Anoop Singh Noori
Dyalpur Gate, Kartarpur,
Distt. Jalandhar (Punjab)
M.: 09855630313

ਕੀਮਤ - 225 ਰੁਪਏ

ਪਹਿਲੀ ਵਾਰ : ਜੁਲਾਈ 2015

ਡਾ. ਨਿਰਮਲ ਸਿੰਘ
ਪੰਜਾਬੀ ਸੱਥ ਲਾਂਬੜਾ-ਜਲੰਧਰ
ਫੋਨ -0181-2791036, 98152-56266
email- drnirmalsinghlambra@gmail.com

MOTA SINGH SARAI
11-Queens Rod Walsal,
West Midlands- U.K.- WS 5 3NF
Ph. -+44 785-075-0109, email- singh_m_sarai@hotmail.com

ਪ੍ਰਿੰ : ਕੁਲਵਿੰਦਰ ਸਿੰਘ ਸਰਾਏ
ਮੰਜਕੀ ਪੰਜਾਬੀ ਸੱਥ, ਭੰਗਾਲਾ,
ਜਲੰਧਰ ਪਿਨ- 144033
ਫੋਨ- 01826-274633, 98141-60642, email- kssarai@gmail.com

ਅੱਖਰ ਜੜਤ ਅਤੇ ਟਾਈਟਲ ਡਿਜ਼ਾਇਨਿੰਗ
ਵਾਲੀਆ ਪੇਪਰ ਐਂਡ ਸਟੇਸ਼ਨਰਜ਼ (ਜਲੰਧਰ)
ਮੋ. 98153-78692

ਸਮਰਪਤ

ਸੱਚਖੰਡਵਾਸੀ ਭਾਈ ਜਵਾਲਾ ਸਿੰਘ ਜੀ ਰਾਗੀ
ਸੈਦਪੁਰ ਠੱਠਾ ਟਿੱਬਾ
ਸੁਲਤਾਨਪੁਰ ਜ਼ਿਲ੍ਹਾ ਕਪੂਰਥਲਾ

ਭਾਈ ਜਵਾਲਾ ਸਿੰਘ ਜੀ ਪੰਥ ਪ੍ਰਸਿੱਧ ਰਾਗੀ
ਆਪਣੇ ਸਮੇਂ ਦੇ ਉੱਘੇ ਵਿਦਵਾਨ ਹੈਸਨ।

ਭੀੜ ਜਦੋਂ ਵੀ ਪੰਥ ਤੇ ਰਹੀ ਆਉਂਦੀ,
ਉੱਚੀ ਰੱਖਦੇ ਕੌਮ ਦੀ ਸ਼ਾਨ ਹੈਸਨ।

ਸੁੱਤੀ ਕੌਮ ਨੂੰ ਟੁੰਬ ਜਗਾਉਣ ਖਾਤਰ,
ਮੋਹਰੀ ਹੋ ਕੇ ਲਾਉਂਦੇ ਦੀਵਾਨ ਹੈਸਨ।

ਸਿੰਘ ਸਭਾ ਦੇ ਵਿਚ ਸਰੋਤਿਆਂ ਨੂੰ,
ਲਾਉਂਦੇ ਸ਼ਬਦ ਸੰਗੀਤ ਦੇ ਬਾਣ ਹੈਸਨ।

ਡੌਲੇ ਫ਼ਰਕ ਪੈਂਦੇ ਉਦੋਂ ਬੁਜ਼ਦਿਲਾਂ ਦੇ,
ਬੀਰ ਰਸ ਜਦ ਬਾਣੀ ਵਿਚ ਘੋਲਦੇ ਸਨ।

ਨੂਰ ਰਹਿਮਤਾਂ ਦਾ ਰੱਬੀ ਬਰਸ ਪੈਂਦਾ,
ਵਾਰ ਆਸਾ ਦੀ ਜਦੋਂ ਇਹ ਬੋਲਦੇ ਸਨ।

'ਨੂਰੀ'

ਮੁੱਖ ਸ਼ਬਦ

ਅਤਿ ਮਿਲਾਪੜੇ ਸੁਭਾਅ ਵਾਲੇ ਗੁਰਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਵਿਸ਼ਵਾਸ ਰੱਖਣ ਵਾਲੇ ਤੇ ਹਰ ਇਕ ਨਾਲ ਪਿਆਰ ਸਤਿਕਾਰ ਕਰਨ ਵਾਲੇ ਸ. ਅਨੂਪ ਸਿੰਘ ਨੂਰੀ ਸਾਹਿਤਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਵਸਾਏ ਜਲੰਧਰ ਜ਼ਿਲ੍ਹੇ ਦੇ ਪ੍ਰਸਿੱਧ ਨਗਰ ਕਰਤਾਰਪੁਰ ਦੇ ਵਸਨੀਕ ਹਨ।

ਕਵੀ ਅਨੂਪ ਸਿੰਘ 'ਨੂਰੀ' ਨਾ ਸਿਰਫ਼ ਬਹੁਤ ਵਧੀਆ ਇਨਸਾਨ ਹਨ ਬਲਕਿ ਉੱਚ ਕੋਟੀ ਦੇ ਕਵੀ ਵੀ ਹਨ ਜਿਨ੍ਹਾਂ ਨੇ ਅਤਿ ਮੁਸ਼ਕਿਲ ਵਿਸ਼ੇ ਤੇ ਬਹੁਤ ਸੁੰਦਰ ਕਵਿਤਾਵਾਂ ਲਿਖ ਕੇ ਬਹੁਤ ਸਾਰੇ ਕਵੀ ਦਰਬਾਰਾਂ ਵਿਚੋਂ ਪਹਿਲੇ ਦਰਜੇ ਦੇ ਇਨਾਮ ਪ੍ਰਾਪਤ ਕੀਤੇ ਹਨ।

ਗੁਰਬਾਣੀ ਦਾ ਕਵਿਤਾ ਵਿਚ ਅਨੁਵਾਦ ਅਕਸਰ ਵੇਖਿਆ ਗਿਆ ਹੈ ਕਿ ਵੱਡੇ-ਵੱਡੇ ਵਿਦਵਾਨ ਗੁਰਬਾਣੀ ਦੀ ਜੋ ਵਿਆਖਿਆ ਕਰਦੇ ਹਨ ਪੜ੍ਹਨ ਸੁਣਨ ਵਾਲਾ ਮੂਲ ਰੂਪ ਵਿਚ ਗੁਰਬਾਣੀ ਤਾਂ ਭਾਵੇਂ ਆਪਣੀ ਸਮਝ ਅਨੁਸਾਰ ਸਮਝ ਲਵੇ ਪਰ ਉਨ੍ਹਾਂ ਦੀ ਵਿਆਖਿਆ ਵਿਚੋਂ ਘੱਟ ਪੱਲੇ ਪੈਂਦਾ ਹੈ।

ਨੂਰੀ ਜੀ ਨੇ ਜਿਸ ਵੀ ਗੁਰਬਾਣੀ ਦਾ ਅਨੁਵਾਦ ਆਪਣੀ ਕਵਿਤਾ ਵਿਚ ਕੀਤਾ ਹੈ ਐਨਾ ਸਰਲ ਤੇ ਸਪੱਸ਼ਟ ਹੈ ਕਿ ਆਸਾਨੀ ਨਾਲ ਸਮਝ ਕੇ ਅਨੰਦ ਲਿਆ ਜਾ ਸਕਦਾ ਹੈ। ਕਵਿਤਾ ਵਿਚ ਰਵਾਨੀ ਐਨੀ ਕਿ ਕਿਤੇ ਵੀ ਵਜ਼ਨ ਦਾ ਫਰਕ ਨਹੀਂ। ਕਵਿਤਾ ਬੰਬੀ ਦੇ ਪਾਣੀ ਵਾਂਗ ਚਲਦੀ ਹੈ।

ਇਨ੍ਹਾਂ ਦੀਆਂ ਗੁਰਬਾਣੀ ਅਨੁਵਾਦ ਦੀਆਂ ਦੋ ਪੁਸਤਕਾਂ ਨੂਰ ਦਾ ਕੁੰਡ ਬਾਣੀ ਭਗਤ ਰਵਿਦਾਸ ਜੀ ਅਤੇ ਸੁਖਮਨੀ ਦਾ ਨੂਰ ਬਾਣੀ ਸ੍ਰੀ ਸੁਖਮਨੀ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਗਉੜੀ ਰਾਗ ਵਿਚ ਉਚਾਰਨ ਕੀਤੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰਾ

ਧਰਮ ਪ੍ਰਚਾਰ ਕਮੇਟੀ ਨੇ ਮਤਾ ਨੰ. 5154 ਮਿਤੀ 24-6-96 ਨੂੰ ਪ੍ਰਚਾਰ ਤੇ ਪ੍ਰਸਾਰ ਲਈ 100-100 ਦੀ ਤਾਦਾਦ ਵਿਚ ਖਰੀਦ ਕੀਤਾ। ਜਿਸ ਦੇ ਮੁੱਖ ਬੰਧ ਵਿਚ ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਅੰਮ੍ਰਿਤਸਰ, ਪ੍ਰਿੰਸੀਪਲ ਸਤਬੀਰ ਸਿੰਘ ਜੀ ਮਹਾਨ ਵਿਦਵਾਨ, ਗਿਆਨੀ ਗੁਰਚਰਨ ਸਿੰਘ ਕੰਵਲ ਰਾਗੀ ਤੇ ਸੰਤ ਕਰਤਾਰ ਸਿੰਘ ਜੀ ਨੇ ਇਨ੍ਹਾਂ ਬਾਰੇ ਕਾਫੀ ਤਾਰੀਫ਼ ਤੇ ਜਾਣਕਾਰੀ ਦਿੱਤੀ।

ਕਵੀ ਅਨੂਪ ਸਿੰਘ ਨੂਰੀ ਨਾਲ ਮੇਰਾ ਸੰਪਰਕ ਸਾਲ 1995 ਵਿਚ ਹੋਇਆ ਜਦੋਂ ਇਹ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਦੇ ਗੁਰਦੁਆਰਾ ਬੇਬੇ ਨਾਨਕੀ ਵਿਚ ਬਤੌਰ ਮੈਨੇਜਰ ਸੇਵਾ ਕਰਨ ਲਈ ਨੀਅਤ ਹੋਏ।

ਗੁਰਦੁਆਰਾ ਬੇਬੇ ਨਾਨਕੀ ਸੁਲਤਾਨਪੁਰ ਲੋਧੀ ਦੀ ਆਰੰਭਤਾ ਬੀਬੀ ਬਲਵੰਤ ਕੌਰ ਜੀ ਇੰਗਲੈਂਡ ਵਾਲਿਆਂ ਨੇ ਕੀਤੀ ਹੈ ਤੇ ਇਸ ਗੁਰਦੁਆਰਾ ਵਿਚ ਹਰ ਸਾਲ ਬੇਬੇ ਨਾਨਕੀ ਜੀ ਦਾ ਜਨਮ ਦਿਨ 2-3-4 ਅਪ੍ਰੈਲ ਨੂੰ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਦਿਨਾਂ ਵਿਚ ਬੀਬੀ ਬਲਵੰਤ ਕੌਰ ਜੀ ਦੀ ਉਪਾਸ਼ਕ ਸੰਗਤ ਪ੍ਰਦੇਸ਼ਾਂ ਵਿਚ ਖਾਸ ਕਰ ਇੰਗਲੈਂਡ ਵਿਚ ਬਹੁਤ ਗਿਣਤੀ ਵਿਚ ਸੁਲਤਾਨਪੁਰ ਆਉਂਦੀ ਹੈ ਅਤੇ ਆਪੋ ਆਪਣੀ ਸ਼ਰਧਾ ਅਨੁਸਾਰ ਅਖੰਡ ਪਾਠ ਸਾਹਿਬ ਕਰਵਾਉਂਦੀ ਹੈ ਤੇ ਹਰ ਪ੍ਰਾਨੀ ਦੀ ਏਹੋ ਕਾਮਨਾ ਹੁੰਦੀ ਹੈ ਕਿ ਸਾਡਾ ਨੀਅਤ ਕੀਤਾ ਹੋਇਆ ਅਖੰਡ ਪਾਠ ਸਾਹਿਬ 2 ਅਪ੍ਰੈਲ ਨੂੰ ਰੱਖ ਕੇ 4 ਅਪ੍ਰੈਲ ਨੂੰ ਭੋਗ ਬੇਬੇ ਨਾਨਕੀ ਜੀ ਦੇ ਜਨਮ ਦਿਵਸ ਵਾਲੇ ਦਿਨ ਤੇ ਪਾਇਆ ਜਾਵੇ। ਇਸ ਕਾਰਜ ਲਈ ਨੀਅਤ ਮਿਤੀ ਤੇ ਚੰਗੇ ਪਾਠੀ ਸਿੰਘਾਂ ਦਾ ਮਿਲਣਾ ਕਿਉਂਕਿ ਜ਼ਰੂਰੀ ਹੁੰਦਾ ਹੈ।

ਸੋ ਪਾਠੀ ਸਿੰਘਾਂ ਦੀ ਤਲਾਸ਼ ਵਿਚ ਕਵੀ ਨੂਰੀ ਆਪਣੇ ਗੁਰਦੁਆਰੇ ਦੇ ਗ੍ਰੰਥੀ ਭਾਈ ਭਜਨ ਸਿੰਘ ਨੂੰ ਨਾਲ ਲੈ ਕੇ ਪਹਿਲੇ ਗੁ. ਗੁਰਸਰ ਸਾਹਿਬ ਪਾਤਸ਼ਾਹੀ 6ਵੀਂ ਸੈਫਲਾਬਾਦ ਮੇਰੇ ਗੁਰਦੇਵ ਸੰਤ ਬਾਬਾ ਤੇਜਾ ਸਿੰਘ ਜੀ ਪਾਸ ਗਏ ਤੇ ਉਥੋਂ ਸੰਤ ਲੀਡਰ ਸਿੰਘ ਜੀ ਦੁਆਰਾ ਕੁਝ ਪਾਠੀ ਸਿੰਘਾਂ ਦਾ ਇੰਤਜ਼ਾਮ ਕਰਕੇ ਫਿਰ ਉਨ੍ਹਾਂ ਦੇ ਦੱਸਣ ਅਨੁਸਾਰ ਸਾਡੇ ਪਾਸ ਆਏ।

ਇਹ ਪਹਿਲਾ ਮੌਕਾ ਸੀ ਕਵੀ ਨੂਰੀ ਦਾ ਸਾਡੇ ਨਾਲ ਮੇਲ ਦਾ। ਨੂਰੀ ਜੀ ਨੇ ਆਪਣੇ ਆਉਣ ਦਾ ਕਾਰਨ ਦੱਸਣ ਉਪਰੰਤ ਆਪਣੀ ਇਕ ਪੁਸਤਕ ਕਾਵਿ ਅਨੁਵਾਦ ਬਾਣੀ ਸੁਖਮਨੀ ਜਿਸ ਦਾ ਨਾਮ ਸੁਖਮਨੀ ਦਾ ਨੂਰ ਦਾਸ ਨੂੰ ਭੇਟ ਵੀ ਕੀਤਾ।

ਕਵੀ ਨੂੰ ਸੰਸਕ੍ਰਿਤ ਵਿਚ ਰਿਸ਼ੀ ਕਿਹਾ ਜਾਂਦਾ ਹੈ। ਆਮ ਤੌਰ ਤੇ ਕਵੀ ਨੂੰ ਜਦ ਇਲਹਾਮ ਹੁੰਦਾ ਹੈ ਯਾਨੀ ਕਵਿਤਾ ਉਤਰਦੀ ਹੈ ਉਸ ਸਮੇਂ ਹੀ ਰਿਸ਼ੀ ਹੁੰਦਾ ਹੈ ਪਰ ਨੂਰੀ ਕਵੀ ਦੇ ਰੋਮ ਰੋਮ ਵਿਚ ਗੁਰੂ ਦੀ ਬਾਣੀ ਤੇ ਉਸ ਦੇ ਕਵਿਤਾ ਵਿਚ ਅਨੁਵਾਦ ਦੀ ਲਗਨ ਨੇ ਇਸ ਦੇ ਰਿਸ਼ੀ ਹੋਣ ਵਿਚ ਕੋਈ ਸ਼ੱਕ ਨਹੀਂ ਛੱਡੀ।

ਗੁਰਬਾਣੀ ਕੀਰਤਨ ਦੀ ਮਹਿਮਾ

ਗੁਰੂ ਹਰਿਗੋਬਿੰਦ ਸਾਹਿਬ ਜੀ ਮੀਰੀ-ਪੀਰੀ ਦੇ ਮਾਲਕ ਪਾਤਸ਼ਾਹੀ 6ਵੀਂ ਜੋ ਵੱਡ ਸੂਰਮੇ ਪਰਉਪਕਾਰੀ ਸਨ, ਜਿਨ੍ਹਾਂ ਨੇ ਇਸ ਇਲਾਕੇ ਵਿਚ ਚਰਨ ਪਰਸ ਕੇ ਸ਼ੇਰ ਦਾ ਸ਼ਿਕਾਰ ਕੀਤਾ ਤੇ ਏਥੇ ਦੀ ਸੰਗਤ ਨੂੰ ਨਿਉਂ ਕੇ ਰਹਿਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੂੰ ਕੀਰਤਨ ਤੇ ਗੁਰਬਾਣੀ ਕੀਰਤਨ ਨਾਲ ਕਿੰਨਾ ਪ੍ਰੇਮ ਸੀ, ਦੀ ਇਕ ਵਾਰਤਾ ਦਾ ਜ਼ਿਕਰ ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਉਂ ਅੰਕਿਤ ਹੈ।

ਗੁਰੂ ਹਰਿਗੋਬਿੰਦ ਜੀ ਜਦੋਂ ਡੇਹਰਾ ਸਾਹਿਬ ਲਾਹੌਰ ਦੀ ਉਸਾਰੀ ਕਰਵਾ ਰਹੇ ਸਨ ਤਾਂ ਭਾਈ ਸੱਤੇ ਅਤੇ ਬਲਵੰਡ ਨੂੰ ਵੀ ਕੀਰਤਨ ਕਰਨ ਲਈ ਨਾਲ ਲੈ ਕੇ ਆਏ। ਇਕ ਦਿਨ ਅੰਮ੍ਰਿਤ ਵੇਲੇ ਰਬਾਬੀ ਕੀਰਤਨ ਕਰਦੇ ਹੋਏ ਇਕਦਮ ਕੀਰਤਨ ਰੋਕ ਕੇ ਛੇਵੇਂ ਪਾਤਸ਼ਾਹ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ ਜੀ ਸਾਨੂੰ ਇੰਜ ਪ੍ਰਤੀਤ ਹੁੰਦਾ ਹੈ ਕਿ ਸਾਡੇ ਦੋਵਾਂ ਦਾ ਅੰਤਿਮ ਸਮਾਂ ਨੇੜੇ ਆ ਗਿਆ ਹੈ ਅਤੇ ਜਾਪਦਾ ਹੈ ਕਿ ਗੁਰੂ ਨਾਨਕ ਜੀ ਮਿਹਰ ਕਰਕੇ ਸਾਨੂੰ ਆਪ ਲੈਣ ਲਈ ਆ ਰਹੇ ਹਨ।

ਤੁਸੀਂ ਸਿਰਫ਼ ਏਨੀ ਮਿਹਰ ਕਰਨੀ ਕਿ ਸਾਨੂੰ ਉਥੇ ਦਫਨਾਉਣਾ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਰਾਵੀ ਦਰਿਆ ਵਿਚ ਰੋਹੜ ਕੇ ਸ਼ਹੀਦ ਕੀਤਾ ਗਿਆ ਸੀ। ਇਤਨਾ ਕਹਿੰਦੇ ਹੀ ਉਨ੍ਹਾਂ ਅੱਖੀਆਂ ਮੂੰਦ ਲਈਆਂ

ਅਤੇ ਮੁਖੋਂ ਸਤਿਨਾਮ ਕਹਿੰਦੇ ਹੀ ਸੁਆਸ ਛੱਡ ਦਿੱਤੇ।

ਗੁਰੂ ਮੂਰਤ ਮਨ ਮੇਂ ਦ੍ਰਿੜ ਕੀਨੀ।

ਸਤਨਾਮ ਕਹ ਬਪ (ਸਰੀਰ) ਤਜਦੀਨੀ॥੫੦੩॥

ਗੁਰਬਾਣੀ ਕੀਰਤਨ ਕਰਨ ਸੁਣਨ ਵਾਲਾ ਆਪਣੀ ਸਵੈ ਇੱਛਾ ਨਾਲ ਮੌਤ ਤੇ ਵੀ ਪੂਰਾ ਕਾਬੂ ਪਾ ਲੈਂਦਾ ਹੈ।

ਗੁਰੂ ਹਰਿਗੋਬਿੰਦ ਜੀ ਦੀ ਆਗਿਆ ਅਨੁਸਾਰ ਦੋਹਾਂ ਦੀ ਕਬਰ ਉਥੇ ਬਣਾਈ ਗਈ ਜਿਥੇ ਗੁਰੂ ਅਰਜਨ ਦੇਵ ਜੀ ਨੂੰ ਬੰਨ੍ਹ ਦਰਿਆ ਵਿਚ ਰੋਹੜ ਸ਼ਹੀਦ ਕੀਤਾ ਗਿਆ ਸੀ ਕਿਤਨਾ ਪਿਆਰ ਕਰਦੇ ਸਨ। ਮੀਰੀ-ਪੀਰੀ ਦੇ ਮਾਲਕ ਕੀਰਤਨ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਰਾਮਕਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤੇ ਤੇ ਬਲਵੰਡ ਦੀ ਬਾਣੀ ਦਰਜ ਕੀਤੀ। ਉਨ੍ਹਾਂ ਨੂੰ ਦਫਨ ਕਰਨ ਉਪਰੰਤ ਜਦੋਂ ਭਾਈ ਬਾਬਕ ਵੈਰਾਗ ਮਈ ਕੀਰਤਨ ਕਰ ਰਹੇ ਸਨ ਤਾਂ ਗੁਰੂ ਜੀ ਦੇ ਨੈਣ ਛਲਕ ਆਏ ਤੇ ਉਨ੍ਹਾਂ ਆਪਣੇ ਰੁਮਾਲ ਨਾਲ ਆਪਣੇ ਹੰਝੂ ਪੂੰਜੇ।

ਕੀਰਤਨ ਤਾਹਿ ਮਨ ਲਾਯੋ॥

ਨੈਨਨ ਨੀਰ ਰੁਮਾਲ ਹਟਾਯੋ॥

ਨੂਰੀ ਜੀ ਨੇ ਪੁਸਤਕ ਅੰਮ੍ਰਿਤ ਦਰਸ਼ਨ, ਨਿੱਤ ਨੇਮ ਦੀਆਂ ਪੰਜ ਬਾਣੀਆਂ ਦੇ ਕਾਵਿ ਅਨੁਵਾਦ ਨੂੰ ਕਾਵਿ ਸੋਹਲ 'ਚ ਲਿਖਣ ਤੋਂ ਮਗਰੋਂ ਅਣਥੱਕ ਲੇਖਣੀ ਦਾ ਕਾਰਜ ਅਰੰਭਿਆ ਹੋਇਆ ਹੈ ਜੋ ਲਗਾਤਾਰ ਤੇ ਅਮੁਕ ਜਾਰੀ ਹੈ। ਹੁਣ ਇਨ੍ਹਾਂ ਨੇ ਜੋ ਆਸਾ ਦੀ ਵਾਰ ਦਾ ਕਾਵਿ ਸਟੀਕ ਲਿਖ ਕੇ ਛਾਪ ਰਹੇ ਹਨ ਮੈਂ ਚਾਹੁੰਦਾ ਹਾਂ ਕਿ ਇਹ ਹਰ ਘਰ ਦਾ ਸ਼ਿੰਗਾਰ ਬਣੇ। ਸਤਿਗੁਰੂ ਅੱਗੇ ਅਰਜੋਈ ਹੈ ਕਿ ਨੂਰੀ ਜੀ ਨਿਰੰਤਰ ਲਿਖਦੇ ਜਾਣ। ਸਿੱਖ ਕੌਮ ਰਿਣੀ ਰਹੇਗੀ ਹਮੇਸ਼ਾ ਨੂਰੀ ਜੀ ਦੀ।

ਦਾਸ ਦਇਆ ਸਿੰਘ

ਮੁੱਖ ਸੇਵਾਦਾਰ

ਗੁਰਦੁਆਰਾ ਟਾਹਲੀ ਸਾਹਿਬ ਪਾ: ੬, ਬਲੇਰ ਖਾਨਪੁਰ (ਕਪੂਰਥਲਾ)

ਮੋ. 98154-90606

ਮੇਰਾ ਸ਼ਾਇਰ ਵੀਰ ਅਨੂਪ ਸਿੰਘ 'ਨੂਰੀ' ਕਰਤਾਰਪੁਰ

ਸ. ਅਨੂਪ ਸਿੰਘ 'ਨੂਰੀ' ਸ਼ਾਇਰ ਤੇ ਸਾਹਿਤਕਾਰ ਰਿਸ਼ਤੇ ਵਿਚ ਇਹ ਮੇਰਾ ਵੱਡੇ ਭਾਈ ਹਨ। ਇਹ ਮੇਰੇ ਵੱਡੇ ਭੂਆ ਜੀ ਬੀਬੀ ਸਕਤਰ ਕੌਰ ਦੇ ਬੇਟੇ ਹਨ ਤੇ ਸਾਡੇ ਸਤਿਕਾਰਯੋਗ ਭੂਆ ਜੀ ਇਨ੍ਹਾਂ ਨੂੰ ਕੇਵਲ 6 ਮਹੀਨੇ ਦਾ ਛੱਡ ਕੇ ਹੀ ਅਕਾਲ ਚਲਾਣਾ ਕਰ ਗਏ ਤੇ ਇਨ੍ਹਾਂ ਦੀ ਪਾਲਣਾ ਸਾਡੇ ਪਾਸ ਹੀ ਪਿੰਡ ਸੈਦਪੁਰ ਠੱਠਾ ਟਿੱਬਾ ਤਹਿਸੀਲ ਸੁਲਤਾਨਪੁਰ ਲੋਧੀ ਹੋਈ।

ਮੇਰੇ ਪਿਤਾ ਜੀ ਭਾਈ ਅਵਤਾਰ ਸਿੰਘ ਜੀ ਰਾਗੀ ਤੇ ਮੇਰੇ ਤਾਇਆ ਜੀ ਗਿਆਨੀ ਗੁਰਚਰਨ ਸਿੰਘ ਜੀ ਕੰਵਲ ਨੇ ਕਿਉਂਕਿ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਿਚ ਬਤੌਰ ਕੀਰਤਨੀ ਜੱਥੇ ਦੇ ਸਰਵਿਸ ਕਰ ਲਈ ਸੀ ਤੇ ਇਸ ਤਰ੍ਹਾਂ ਮੇਰਾ ਬਚਪਨ ਤੇ ਪੜ੍ਹਾਈ ਤੇ ਸਿੱਖਿਆ ਦਾ ਸਮਾਂ ਦਿੱਲੀ ਵਿਚ ਹੀ ਗੁਜਰਿਆ ਤੇ ਵੀਰ ਅਨੂਪ ਸਿੰਘ 'ਨੂਰੀ' ਸਾਡੇ ਪਿੰਡ ਸੈਦਪੁਰ ਹੀ ਰਹੇ।

ਪਰ ਇਨ੍ਹਾਂ ਬਾਰੇ ਮੈਂ ਆਪਣੇ ਪਿਤਾ ਜੀ ਤੇ ਤਾਇਆ ਜੀ ਪਾਸੋਂ ਅਕਸਰ ਸੁਣਦਾ ਰਹਿੰਦਾ ਸਾਂ ਕਿ ਮੇਰਾ ਵੀਰ ਅਨੂਪ ਸਿੰਘ ਨੂਰੀ ਅੱਜਕਲ੍ਹ ਚੰਗਾ ਕਵੀ ਬਣ ਗਿਆ ਹੈ, ਜਿਸ ਨੇ ਗੁਰਬਾਣੀ ਦੇ ਬਹੁਤ ਸਾਰੇ ਸ਼ਬਦਾਂ ਦਾ ਅਨੁਵਾਦ ਵੀ ਆਪਣੀ ਕਵਿਤਾ ਵਿਚ ਕਰਕੇ ਛਪਵਾਇਆ ਹੈ।

ਮੇਰੇ ਪਿਤਾ ਜੀ ਭਾਈ ਅਵਤਾਰ ਸਿੰਘ ਜੀ ਰਾਗੀ ਸਾਲ 2006 ਵਿਚ ਦਿੱਲੀ ਵਿਚ ਅਕਾਲ ਚਲਾਣਾ ਕਰ ਗਏ ਤੇ ਮੈਨੂੰ ਉਹ ਗੁਰਬਾਣੀ ਕੀਰਤਨ ਦੀ ਦਾਤ ਦੀ ਬਖਸ਼ਿਸ਼ ਆਪਣੇ ਜੀਵਨ ਵਿਚ ਹੀ ਕਰ ਗਏ।

ਵੀਰ ਅਨੂਪ ਨੂਰੀ 2012 ਵਿਚ ਇਹ ਦਿਲੀ ਇਕ ਕਵੀ ਦਰਬਾਰ

ਤੇ ਆਏ ਤਾਂ ਇਨ੍ਹਾਂ ਨੇ ਆਪਣੀ ਕਵਿਤਾ ਵਿਚ ਲਿਖੀ ਪੁਸਤਕ ਮੇਰੇ ਸਹਿਯੋਗੀ ਤੇ ਮਹਾਨ ਸਖ਼ਸ਼ੀਅਤਾਂ ਜਿਸ ਵਿਚ ਇਨ੍ਹਾਂ ਮੇਰਾ ਤੇ ਪਿਤਾ ਜੀ ਦਾ ਵੀ ਜ਼ਿਕਰ ਕੀਤਾ ਹੋਇਆ ਹੈ।

ਵੀਰ ਅਨੂਪ ਸਿੰਘ ਨੂਰੀ ਜੀ ਨੇ ਜਦੋਂ ਮੈਨੂੰ ਦੱਸਿਆ ਕਿ ਮੈਂ ਆਸਾ ਦੀ ਵਾਰ ਦਾ ਅਨੁਵਾਦ ਕਵਿਤਾ ਵਿਚ ਕੀਤਾ ਹੈ ਤਾਂ ਮੈਨੂੰ ਖੁਸ਼ੀ ਹੋਣੀ ਸੁਭਾਵਿਕ ਸੀ। ਇਹ ਸੁਣ ਕੇ ਮੈਂ ਇਨ੍ਹਾਂ ਨੂੰ ਇਹ ਪੁਸਤਕ ਛਪਵਾਉਣ ਤੇ ਯੋਗ ਸਹਾਇਤਾ ਕਰਨ ਦਾ ਬਚਨ ਦਿੱਤਾ।

ਹੁਣ ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਮੇਰੀ ਬੇਨਤੀ ਪ੍ਰਵਾਨ ਕਰਦੇ ਹੋਏ ਇਹ ਪੁਸਤਕ ਛਪਵਾ ਕੇ ਸੰਗਤਾਂ ਦੇ ਪੇਸ਼ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਹਾਰਦਿਕ ਵਧਾਈ ਦੇਂਦਾ ਹਾਂ।

ਸ਼ੁਭਚਿੰਤਕ

ਗੁਰੂ ਪੰਥ ਦਾ ਦਾਸ
ਕੁਲਤਾਰ ਸਿੰਘ ਰਾਗੀ
ਸਪੁੱਤਰ ਸਵ. ਭਾਈ ਅਵਤਾਰ ਸਿੰਘ ਰਾਗੀ
B-24 South Ex-II,
New Delhi-110049

ਇਕ ਵਿਲੱਖਣ ਸ਼ਾਇਰ ਨੂਰੀ

ਅਨੂਪ ਸਿੰਘ ਨੂਰੀ ਸ਼ਾਇਰ ਨਾਲ ਮੇਰਾ ਸੰਪਰਕ 1995 ਤੋਂ ਚਲਿਆ ਆਉਂਦਾ ਹੈ ਜਦੋਂ ਇਹ ਗੁਰਦੁਆਰਾ ਬੇਬੇ ਨਾਨਕੀ ਸੁਲਤਾਨਪੁਰ ਲੋਧੀ ਬਤੌਰ ਮੈਨੇਜਰ ਸੇਵਾ ਕਰਦੇ ਸਨ।

ਮੇਰਾ ਇਕ ਸੰਗੀਤਕਾਰ ਕੀਰਤਨੀਆਂ ਤੇ ਸ਼ਾਇਰ ਹੋਣ ਦੇ ਨਾਤੇ ਬਹੁਤ ਸਾਰੇ ਸੰਗੀਤਕਾਰਾਂ, ਕੀਰਤਨੀਆਂ ਤੇ ਸ਼ਾਇਰਾਂ ਨਾਲ ਵਾਸਤਾ ਪੈਂਦਾ ਹੈ ਤੇ ਮੈਂ ਹਰ ਸਾਲ ਦਾ ਆਗਾਜ਼ ਜੋ ਚੇਤ ਦੇ ਮਹੀਨੇ ਦੀ ਸੰਗਰਾਂਦ ਤੋਂ ਸ਼ੁਰੂ ਹੁੰਦਾ ਹੈ ਆਪਣੇ ਘਰ ਚੰਗੇ ਕੀਰਤਨ ਕਰਨ ਵਾਲੇ ਤੇ ਇਕ ਚੰਗੇ ਸ਼ਾਇਰ ਨੂੰ ਬੁਲਾ ਕੇ ਪ੍ਰੋਗਰਾਮ ਕਰਦਾ ਹਾਂ।

ਐਂਤਕੀ ਜਦ ਮੈਂ ਚੇਤ ਦੀ ਸੰਗਰਾਂਦ ਵਾਲੇ ਦਿਨ ਆਪਣੇ ਪ੍ਰੋਗਰਾਮ ਅਨੁਸਾਰ ਸ. ਅਨੂਪ ਸਿੰਘ ਨੂਰੀ ਨੂੰ ਬੁਲਾਇਆ ਤਾਂ ਮੈਂ ਇਨ੍ਹਾਂ ਵਿਚ ਖਾਸ ਵਿਲੱਖਣਤਾ ਇਹ ਵੇਖੀ ਕਿ ਇਹ ਜਿਸ ਮਜਮੂਨ ਤੇ ਪ੍ਰੋਗਰਾਮ ਰੱਖਿਆ ਜਾਵੇ ਉਸੇ ਤੇ ਹੀ ਆਪਣੀ ਨਵੀਂ ਨਜ਼ਮ ਲਿਖ ਕੇ ਸੁਣਾਉਂਦੇ ਹਨ।

ਮੈਂ ਚੰਗੇ ਨਾਮਵਰ ਸ਼ਾਇਰ ਵੇਖੇ ਹਨ ਜਿਨ੍ਹਾਂ ਪਾਸ ਉਨ੍ਹਾਂ ਦੀਆਂ ਦੋ ਤਿੰਨ ਵਧੀਆ ਕਵਿਤਾਵਾਂ ਹੁੰਦੀਆਂ ਹਨ ਤੇ ਉਹ ਹਰ ਪ੍ਰੋਗਰਾਮ ਤੇ ਉਹੋ ਹੀ ਕਵਿਤਾਵਾਂ ਏਧਰ-ਓਧਰ ਦੀਆਂ ਦੋ-ਚਾਰ ਗੱਲਾਂ ਕਰਕੇ ਸੁਣਾਉਂਦੇ ਹਨ, ਜੋ ਸੰਗਤਾਂ ਨੇ ਪਹਿਲਾਂ ਕਈ ਵਾਰ ਸੁਣੀਆਂ ਹੋਈਆਂ ਹੁੰਦੀਆਂ ਹਨ। ਮੈਂ ਅਨੂਪ ਸਿੰਘ ਨੂਰੀ ਦੀ ਇਸ ਵਿਲੱਖਣਤਾ ਨੂੰ ਦਿਲੋਂ ਪ੍ਰਨਾਮ ਕਰਦਾ ਹਾਂ।

ਗੁਰੂ ਪੰਥ ਦਾ ਦਾਸ
ਰਾਗੀ ਰਘਬੀਰ ਸਿੰਘ ਦੀਵਾਨਾ
ਭੋਗਪੁਰ, ਜ਼ਿਲ੍ਹਾ ਜਲੰਧਰ (ਅਫਰੀਕਾ ਵਾਲੇ)

ਸਭਿ ਗੁਣ ਤੇਰੇ ਮੈ ਨਾਹੀ ਕੋਇ

ਹੇ ਪ੍ਰਭ ਜੀ ਤੇਰੇ ਗੁਣ ਸਾਰੇ, ਮੇਰੇ ਵਿਚ ਤਾਂ ਇਕ ਨਹੀਂ ਪਿਆਰੇ।
ਤੇਰੇ ਗੁਣਾਂ ਦੀ ਬਖਸ਼ਿਸ਼ ਸਦਕੇ, ਨੂਰੀ ਤੈਨੂੰ ਸਦਾ ਚਿਤਾਰੇ।

ਮੇਰੇ ਸਹਿਯੋਗੀਆਂ, ਪਿਆਰਿਆਂ, ਗੁਰਬਾਣੀ ਤੇ ਕਵਿਤਾ ਦੇ ਉਪਾਸ਼ਕਾਂ ਦੁਲਾਰਿਆਂ ਬਲਕਿ ਬਹੁਤ ਸਾਰਿਆਂ ਨੇ ਮੇਰੀ ਕਵਿਤਾ ਤੇ ਗੁਰਬਾਣੀ ਦੇ ਕਾਵਿ ਅਨੁਵਾਦ ਦੀ ਸਿਫ਼ਤ ਸ਼ੋਭਾ ਕੀਤੀ ਹੈ। ਪਰ ਮੈਂ ਸੱਚ ਆਖਦਾ ਹਾਂ ਕਿ ਮੈਨੂੰ ਨਾ ਤਾਂ ਕਵਿਤਾ ਦੇ ਅਰੂਜ਼ ਦਾ ਭਾਵ ਪਿੰਗਲ ਦਾ ਅਤੇ ਨਾ ਹੀ ਗੁਰਬਾਣੀ ਦੇ ਅਰਥਾਂ ਦਾ ਹੀ ਖਾਸ ਗਿਆਨ ਹੈ।

ਇਹ ਠੀਕ ਹੈ ਕਿ ਚੰਗੀ ਸੰਗਤ ਕਰਨ ਅਤੇ ਚੰਗੀਆਂ ਪੁਸਤਕਾਂ ਪੜ੍ਹਨ ਨਾਲ ਜ਼ਿੰਦਗੀ ਮਾਨਣ ਤੇ ਕੁਝ ਲਿਖਣ ਦੀ ਸਮਰੱਥਾ ਵੱਧ ਜਾਂਦੀ ਹੈ।

ਸੋ ਇਹ ਦੋਵੇਂ ਗੱਲਾਂ ਮੇਰੇ ਸਤਿਗੁਰ ਨੇ ਮੈਨੂੰ ਵਿਰਸੇ ਵਿਚ ਨਸੀਬ ਕਰਾਈਆਂ। ਮੇਰਾ ਬਚਪਨ ਮੇਰੇ ਨਾਨਕੇ ਘਰ ਜੋ ਗੁਰਬਾਣੀ ਤੇ ਸੰਗੀਤ ਵਿਚ ਨਿਪੁੰਨ ਸੀ ਤੇ ਜਿਥੇ ਹਰ ਬੱਚੇ ਨੂੰ ਸਵੇਰੇ ਇਸ਼ਨਾਨ ਤੇ ਨਿੱਤਨੇਮ ਕਰਨ ਤੋਂ ਬਾਅਦ ਹੀ ਕੁਝ ਖਾਣ ਨੂੰ ਮਿਲਦਾ ਸੀ ਤੇ ਜਿਥੇ ਬਹੁਤ ਸਾਰੀਆਂ ਧਾਰਮਿਕ ਪੁਸਤਕਾਂ ਤੇ ਬਹੁਤ ਸਾਰੇ ਪਰਚੇ ਜਿਵੇਂ ਪ੍ਰੀਤ ਲੜੀ, ਅਖ਼ਬਾਰਾਂ ਆਦਿ ਆਉਂਦੀਆਂ ਸਨ ਜਿਨ੍ਹਾਂ ਨੂੰ ਮੈਂ ਬਹੁਤ ਸ਼ੌਂਕ ਨਾਲ ਪੜ੍ਹਦਾ ਸੀ ਵਿਚ ਗੁਜ਼ਰਿਆ। ਮੇਰਾ ਇਕ ਮਾਮਾ ਜੋ ਗੁਰਬਾਣੀ ਕੀਰਤਨ ਦੇ ਨਾਲ ਚੰਗੀ ਕਵਿਤਾ ਵੀ ਲਿਖਦਾ ਸੀ, ਜਿਸ ਨੂੰ ਮੈਂ ਬੜੇ ਸ਼ੌਂਕ ਨਾਲ ਪੜ੍ਹਦਾ ਸੀ ਇਸ ਤੇ ਮੈਨੂੰ ਵੀ ਕੁਝ ਤੁੱਕਬੰਦੀ ਕਰਨ ਦਾ ਝੱਸ ਪੈ ਗਿਆ।

ਮੇਰੇ ਸ਼ੁਭਚਿੰਤਕਾਂ ਨੇ ਮੇਰੇ ਬਾਰੇ ਕਾਫੀ ਕੁਝ ਜਾਣਕਾਰੀ ਦੇ ਦਿੱਤੀ ਹੈ ਇਸ ਲਈ ਮੈਂ ਆਪਣੇ ਬਾਰੇ ਜ਼ਿਆਦਾ ਨਾ ਲਿਖਦਾ ਹੋਇਆ ਕੇਵਲ ਉਨ੍ਹਾਂ ਸ਼ੁਭਚਿੰਤਕਾਂ ਦਾ ਧੰਨਵਾਦ ਹੀ ਕਰਨਾ ਜ਼ਰੂਰੀ ਸਮਝਦਾ ਹਾਂ ਜਿਨ੍ਹਾਂ

ਨੇ ਇਸ ਕਿਤਾਬ ਵਿਚ ਮੈਨੂੰ ਸਹਿਯੋਗ ਦੇ ਕੇ ਮੈਨੂੰ ਮਾਣ ਦਿੱਤਾ ਹੈ। ਮੇਰੀ ਇਹ 23ਵੀਂ ਪੁਸਤਕ ਹੈ। ਇਸ ਦੇ ਵਿਚ ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦਾ ਹੋਇਆ ਜ਼ਿਕਰ ਕਰ ਰਿਹਾ ਕਿ ਸਭ ਤੋਂ ਪਹਿਲਾਂ ਇੰਜ. ਕਰਮਜੀਤ ਸਿੰਘ ਤੇ ਬੀਬੀ ਹਰਜਿੰਦਰ ਕੌਰ ਦਾ ਧੰਨਵਾਦ ਹੈ ਜਿਨ੍ਹਾਂ ਮੈਨੂੰ ਆਪਣੇ ਪਿਤਾ ਸ. ਰਣਜੀਤ ਸਿੰਘ ਖੜਗ ਦੀ ਯਾਦ ਵਿਚ ਦੂਜੀ ਬਰਸੀ ਤੇ ਸ਼੍ਰੋਮਣੀ ਕਵੀ ਦਾ ਮਾਣ ਤੇ ਮਾਇਆ ਨਾਲ ਨਿਵਾਜ਼ਿਆ।

ਦੂਸਰਾ ਧੰਨਵਾਦ ਮੈਂ ਆਪਣੇ ਛੋਟੇ ਵੀਰ ਸ. ਕੁਲਤਾਰ ਸਿੰਘ ਰਾਗੀ ਦਿੱਲੀ ਦਾ ਜਿਨ੍ਹਾਂ ਮਾਇਆ ਤੇ ਪ੍ਰੇਰਨਾ ਦਾ ਚਾਬਕ ਲਾ ਕੇ ਮੇਰਾ ਮਾਣ ਕੀਤਾ।

ਅੰਤ ਵਿਚ ਮੈਂ ਹਾਰਦਿਕ ਧੰਨਵਾਦੀ ਹਾਂ ਸੰਤ ਬਾਬਾ ਦਇਆ ਸਿੰਘ ਜੀ ਮੁਖੀ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ੬ਵੀਂ ਬਲੇਰਖਾਨਪੁਰ ਕਪੂਰਥਲਾ ਦਾ ਜਿਨ੍ਹਾਂ ਇਸ ਪੁਸਤਕ ਦੇ ਕਾਗ਼ਜ਼ ਖਰੀਦਣ ਤੋਂ ਲੈ ਕੇ ਇਸ ਦੇ ਰਿਲੀਜ਼ ਸਮਾਰੋਹ ਤੇ ਕਵੀ ਦਰਬਾਰ ਦਾ ਸਾਰਾ ਜ਼ਿੰਮਾ ਲੈਂਦੇ ਹੋਏ ਮੈਨੂੰ ਹਰ ਤਰ੍ਹਾਂ ਦਾ ਮਾਣ ਸਤਿਕਾਰ ਦੇ ਕੇ ਸਹਿਯੋਗ ਦਿੱਤਾ।

ਅਨੂਪ ਸਿੰਘ 'ਨੂਰੀ'
ਸਾਹਿਤਕਾਰ
ਪਿੰਡ ਤੇ ਡਾਕ. ਕਰਤਾਰਪੁਰ
ਜ਼ਿਲ੍ਹਾ ਜਲੰਧਰ
ਮੋ. 98556-30313

ੴ

ਸਤਿਨਾਮੁ

ਕਰਤਾ ਪੁਰਖੁ

ਨਿਰਭਉ ਨਿਰਵੈਰੁ

ਅਕਾਲ ਮੂਰਤਿ

ਅਜੂਨੀ ਸੈਭੰ

ਗੁਰ ਪ੍ਰਸਾਦਿ ॥

ੴ

ਹਰ ਇਕ ਦੀ ਓਟ ਤੂੰ ਏਂ,
ਹਰ ਇਕ ਨੂੰ ਆਸ ਤੇਰੀ।
ਕੱਣ-ਕੱਣ 'ਚ ਵਾਸ ਤੇਰੀ,
ਫੁੱਲਾਂ 'ਚ ਬਾਸ ਤੇਰੀ।
'ਨੂਰੀ' ਨੂੰ ਦਰਦ ਦੇ ਕੋ,
ਸ਼ਾਇਰ ਬਣਾਉਣ ਵਾਲੇ।
ਵਿਰਲੇ ਕਿਸੇ ਨੂੰ ਆਈ,
ਐ ਪ੍ਰਭ ਸ਼ਨਾਸ ਤੇਰੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ
ਪਹਿਲਾ ਸ਼ਬਦ ਹੈ ੴ ਕਾਰ।
ਐ ਪ੍ਰਾਣੀ ਚਾਹੀਦਾ ਹੈ ਤੈਨੂੰ,
ਏਸ ਸ਼ਬਦ ਨੂੰ ਹਿਰਦੇ ਧਾਰ।

ਓ ਸ਼ਬਦ ਪਹਿਲਾਂ ਵੀ ਹੈ ਸੀ,
ਹਿੰਦੂ ਧਰਮਾਂ ਦੇ ਅਨੁਸਾਰ।
ਗੁਰੂ ਨਾਨਕ ਜੀ ਏਕਾ ਲਾ ਕੇ,
ਦੱਸੀ ਇਸ ਦੀ ਠੀਕ ਵਿਚਾਰ।

ਹਿੰਦੂ ਧਰਮ ਇਹਨੂੰ ਅ ਓ ਮ ਬਣਾ ਕੇ,
ਤਿੰਨ ਦੇਵਤੇ ਏਦਾਂ ਜਾਨਣ।
ਅ ਵਿਸ਼ਨੂੰ, ਓ ਬ੍ਰਹਮਾ,
ਮ ਸ਼ਿਵਜੀ ਰੂਪ ਪਛਾਨਣ।
ਪਰ ਗੁਰੂ ਨਾਨਕ ਜੀ ਓ ਤੋਂ ਪਹਿਲਾਂ,
੧ ਅੰਕ ਜਿਹੜਾ ਹੈ ਲਾਇਆ।
ਕਿ ਓ ਕੇਵਲ ਇਕ ੴ ਹੈ,
ਪੂਜੋ ਇਸਨੂੰ ਗੁਰੂ ਫੁਰਮਾਇਆ।

ਏਸੇ ਲਈ ਸਤਿਗੁਰ ਇਹ ਏਕਾ,
ਅੱਖਰਾਂ ਵਿੱਚ ਨਹੀਂ ਲਿਖ ਪਾਇਆ।
ਹਿੰਦਸੇ ਵਿੱਚ ਇਹਨੂੰ ਅੰਕਤ ਕਰਕੇ,
ਭਾਵ ਸਪੱਸ਼ਟ ਉਨ੍ਹਾਂ ਪ੍ਰਗਟਾਇਆ।

ਪਾਠ ਅਰੰਭ ੧ੴ ਤੋਂ ਹੁੰਦਾ, ਨਾਨਕ ਬ੍ਰਹਮ ਪਸਾਰੋ ਅੰਤ।
ਇਕ ਬੀਜ਼ ਦਾ ਜਿਵੇਂ ਪਸਾਰਾ, ਰੁੱਖ ਸਾਰੇ ਵਿੱਚ ਹੋਏ ਬੇਅੰਤ।

ਇਸ ਤਰ੍ਹਾਂ ਇਹ ਸਾਰੀ ਸ੍ਰਿਸ਼ਟੀ, ੧ੴ ਦਾ ਇਕ ਪਸਾਰਾ।
੧ੴ ਤੇ ਬ੍ਰਹਮ ਪਸਾਰਾ, ਵੱਖ-ਵੱਖ ਕਦੇ ਨ ਹੋਏ ਦੋਬਾਰਾ।

ਇਕ ਸਿੱਕੇ ਦੇ ਦੋਵੇਂ ਪਾਸੇ, ਕਦੇ ਨਿਖੇੜੇ ਜਾ ਨਹੀਂ ਸਕਦੇ।
ਗੁਰਮਤਿ ਦੇ ਵਿਦਵਾਨਾਂ ਤੋਂ ਬਿਨ, ਥਹੁ ਇਸਦੀ ਨੂੰ ਪਾ ਨਹੀਂ ਸਕਦੇ।

ਗੁਰੂ ਸਾਹਿਬ ਨੇ ਧਿਆਨ ਅਸਾਡਾ, ੧ੴ ਦੇ ਵਲ ਦਿਵਾਇਆ।
ਖੰਡ ਬ੍ਰਮੰਡ ਇਹਦੇ ਤੋਂ ਸਿਰਜੇ, ਇਹ ਭੇਦ ਸਾਨੂੰ ਸਮਝਾਇਆ।

ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰ ਕੀਆ ਜਿਨਿ ਚਿਤਿ॥
ਓਅੰਕਾਰ ਸੈਲ ਜੁਗ ਭਏ॥ ਓਅੰਕਾਰ ਬੇਦ ਨਿਰਮਏ॥

੧ੴ ਤੋਂ ਗੁਰਪ੍ਰਸਾਦਿ ਤੱਕ, ਮੂਲ ਮੰਤਰ ਕਹਿੰਦੇ ਵਿਦਵਾਨ।
ਮੂਲ ਮੰਤ੍ਰ ਦੀ ਹੀ ਵਿਆਖਿਆ, ਸਤਿਗੁਰ ਜਪਜੀ ਵਿੱਚ ਫੁਰਮਾਨ।

ਮੂਲ ਦਾ ਅਰਥ ਜੜ੍ਹ ਹੁੰਦਾ ਹੈ, ਮੂਲ ਦਾ ਜਾਣੋਂ ਅਸਲੀ ਰਾਜ਼।
ਮੂਲ ਬਿਨਾਂ ਨਹੀਂ ਪ੍ਰਾਪਤ ਹੁੰਦਾ, ਪ੍ਰਾਣੀ ਦੇ ਤਾਂਈ ਕਦੇ ਵਿਆਜ਼।

ਇਕ ਸੇਠ ਨੇ ਕਿਸੇ ਨੂੰ ਦਿੱਤੇ, ਕੁਝ ਰੁਪਈਏ ਸਨ ਹੁਦਾਰ।
ਜਿਸ ਵਿੱਚ ਮੂਲ ਵਿਆਜ ਇੰਝ ਦੋਵੇਂ, ਬਣ ਗਏ ਹੈ ਸਨ ਕਈ ਹਜ਼ਾਰ।

ਅਦਾਲਤ ਵਿਚ ਮੁਕੱਦਮਾ ਚਲਿਆ, ਜੱਜ ਸੇਠ ਦੇ ਤਾਂਈ ਸੁਣਾਇਆ।
ਤੂੰ ਦੋਹਾਂ 'ਚੋਂ ਇਕ ਨੂੰ ਛੱਡ ਦੇ, ਵਿਆਜ਼ ਜਾਂ ਮੂਲ ਚਾਹੁੰਨਾ ਪਾਇਆ।

ਸੇਠ ਸੋਚਦਾ ਵਿਆਜ਼ ਬਹੁਤਾ ਹੈ, ਇਸ ਲਈ ਮੈਂ ਵਿਆਜ਼ ਪੁਕਾਰਾਂ।
ਮੂਲ ਤਾਂ ਹੁਣ ਰਹਿ ਗਿਆ ਏ ਥੋੜ੍ਹਾ, ਮੂਲ ਨੂੰ ਮੈਂ ਹੁਣ ਦਿਲੋਂ ਵਿਸਾਰਾਂ।

ਜੱਜ ਸੀ ਸੁਣਿਆ ਬਹੁਤਾ ਸਿਆਣਾ, ਉਸ ਨੇ ਤਦ ਇਹ ਹੁਕਮ ਸੁਣਾਇਆ।
ਜਿਹੜੀ ਸ਼ੈ ਦਾ ਮੂਲ ਹੀ ਹੈ ਨਹੀਂ, ਵਿਆਜ਼ ਓਸ ਦਾ ਹੈ ਕਿਥੋਂ ਆਇਆ।

ਏਸ ਤਰ੍ਹਾਂ ਹੀ ਸਤਿਗੁਰ ਨਾਨਕ, ਐ ਬੰਦੇ ਤੈਨੂੰ ਫੁਰਮਾਇਆ।
ੴ ਦਾ ਮੂਲ ਨ ਛੱਡੀ, ਏਹੋ ਹੈ ਤੇਰਾ ਸਰਮਾਇਆ।

ੴ ਵਸਾ ਕੇ ਹਿਰਦੇ, ਇਸਨੂੰ ਜਾਣੋਂ, ਜਿੰਦ ਪ੍ਰਾਣ।
ਇਸ ਏਕੇ ਬਿਨ, ਤੇਰਾ ਸਾਥੀ, ਕੋਈ ਨਹੀਂ ਹੈ ਇਸ ਨੂੰ ਜਾਣ।

ਸਾਹਿਬਜ਼ਾਦੇ ਦਸਮੇਸ਼ ਪਿਤਾ ਦੇ, ਅਜੀਤ ਸਿੰਘ ਤੇ ਸਿੰਘ ਜੁਝਾਰ।
ਹੋਏ ਸ਼ਹੀਦ ਚਮਕੌਰ ਗੜ੍ਹੀ ਵਿੱਚ, ਵੈਰੀ ਕਈ ਬੁਲਾਕੇ ਪਾਰ।

ਗੋਬਿੰਦ ਸਿੰਘ ਜੀ ਏਸ ਗੜ੍ਹੀ 'ਚੋਂ, ਲੜਦੇ ਲੜਦੇ ਆਏ ਬਾਹਰ।
ਦਇਆ ਸਿੰਘ ਤੇ ਮਾਨ ਸਿੰਘ ਜਦ, ਸਤਿਗੁਰ ਦੇ ਕੀਤੇ ਦੀਦਾਰ।

ਦਇਆ ਸਿੰਘ ਨੇ ਆਖਿਆ ਸਤਿਗੁਰ, ਜਾਣੀ ਜਾਣ ਤੁਸੀਂ ਦਾਤਾਰ।
ਹੁਣ ਕੇਵਲ ਆਪਾਂ ਤਿੰਨ ਹੀ ਰਹਿ ਗਏ, ਓਧਰ ਵੈਰੀ ਕਈ ਹਜ਼ਾਰ।

ਕਲਗੀਧਰ ਜੀ ਅੱਗੋਂ ਬੋਲੇ, ਤਿੰਨ ਨਹੀਂ ਆਪਾਂ ਹਾਂ ਚਾਰ।
ਸ਼ਕਤੀਵਾਨ ਉਹ ਸਾਡਾ ਸਾਥੀ, ਉਸ ਵਰਗਾ ਕਿਹੜਾ ਬਲਕਾਰ।

ਉਸਦੇ ਸਾਡੇ ਨਾਲ ਹੁੰਦਿਆਂ, ਦੁਸ਼ਮਨ ਭਾਵੇਂ ਹੋਣ ਹਜ਼ਾਰ।
ਵਾਲ ਵਿੰਗਾ ਸਾਡਾ ਹੋ ਨਹੀਂ ਸਕਦਾ, ਇਸ ਲਈ ਤੂੰ ਇਹ ਹਿਰਦੇ ਧਾਰ।

ਦਇਆ ਸਿੰਘ ਫਿਰ ਅੱਗੋਂ ਕਹਿੰਦਾ, ਵੇਖ ਰਿਹਾ ਮੈਂ ਝਾਤੀ ਮਾਰ।
ਚੌਥਾ ਕਿਧਰੇ ਨਜ਼ਰ ਨਹੀਂ ਆਉਂਦਾ, ਤੁਸੀਂ ਕਹਿੰਦੇ ਹੋ ਆਪਾਂ ਚਾਰ।

ਤਾਂ ਫਿਰ ਕਲਗੀਧਰ ਜੀ ਕਹਿੰਦੇ, ਸਾਡੇ ਨਾਲ ਹੈ ੧ਓਂਕਾਰ।
੧ਓਂਕਾਰ ਹੈ ਜਿਸਦੇ ਨਾਲ, ਉਹ ਨਹੀਂ 'ਨੂਰੀ' ਸਕਦਾ ਹਾਰ।

ਐ ਸਤਿਗੁਰ ਦੇ ਸਿੰਘ ਸਰਦਾਰੋ, ਬੀਬੇ ਬਚਿਉ ਗੁਰਮੁਖ ਨਾਰੋ।
੧ਓਂ ਨੂੰ ਹਿਰਦੇ ਧਾਰੋ, ਇਸ ਥੀਂ ਆਪਣੇ ਜਨਮ ਸਵਾਰੋ।

ਸਤਨਾਮ

ਉਸਦਾ ਨਾਮ ਸਦਾ ਹੈ ਸੱਚਾ, ਸਭ ਕੁਝ ਝੂਠਾ ਹੋਰ ਹਜ਼ੂਰ।
ਭੂਤ, ਭਵਿੱਖ, ਵਰਤਮਾਨ ਵਿੱਚ, ਹਰ ਵੇਲੇ ਉਹਦਾ ਕਾਇਮ ਨੂਰ।

ਸਤ ਪ੍ਰਮੇਸ਼ਰ ਉਹ ਅਬਿਨਾਸ਼ੀ, ਨਾਮ ਰਹਿਤ ਉਸ ਤਾਂਈ ਜਾਣੋ।
ਸਤਨਾਮ ਦਾ ਮੰਤ੍ਰ ਐਸਾ, ਇਸਦੇ ਤਾਂਈ ਵਿਸ਼ੇਸ਼ ਪਛਾਣੋ।

ਸਤਨਾਮ ਪ੍ਰਭ ਕਾ ਸੁਖਦਾਈ, ਥਹੁ ਇਸਦੀ ਸਤਿਗੁਰ ਤੋਂ ਪਾਈ।
ਕਿਰਤਮ ਨਾਮ ਕਥੇ ਤੇਰੀ ਜੀਭਾ, ਸਿਮਰਨ ਕਰ ਤੂੰ ਇਸਦਾ ਭਾਈ।

ਛੇਵੇਂ ਗੁਰ ਗੋਬਿੰਦ ਦੇ ਤਾਂਈ, ਚੜ੍ਹਿਆ ਸੀ ਜਿਸ ਵੇਲੇ ਤਾਪ।
ਗੁਰੂ ਅਰਜਨ ਜੀ ਸਤਨਾਮ ਦਾ, ਕੀਤਾ ਸੀ ਉਸ ਵੇਲੇ ਜਾਪ।

ਸਤਨਾਮ ਜੋ ਮੁਖੋਂ ਉਚਾਰੋ, ਤਾਪ, ਪਾਪ ਸਭ ਕਸ਼ਟ ਨਿਵਾਰੇ।
ਚਾਹੀਦਾ ਹੈ ਸਤਿਨਾਮ ਨੂੰ ਪਿਆਰੇ, ਹਰ ਪ੍ਰਾਨੀ ਹੀ ਹਿਰਦੇ ਧਾਰੇ।

ਤੀਨੇ ਤਾਪ ਨਿਵਾਰਨ ਵਾਲਾ, ਸਤਿਨਾਮ ਹੈ ਐਸਾ ਨਾਮ।
ਧਨ ਉਹ ਮੁਖ ਜੋ ਸਤਿਗੁਰ ਕਹਿੰਦੇ, ਜਪਦੇ 'ਨੂਰੀ' ਨੇ ਸਤਿਨਾਮ।

ਕਰਤਾ

ਕਰਨਹਾਰ ਕਰਤਾਰ ਹੈ ਕਰਤਾ, ਜਗ ਦਾ ਸਿਰਜਣਹਾਰ ਹੈ ਕਰਤਾ।
ਦੁਸ਼ਟਾਂ ਦੇ ਤਾਂਈ ਸੋਧਣ ਵਾਲਾ, ਭਗਤਾਂ ਦਾ ਇਹ ਯਾਰ ਹੈ ਕਰਤਾ।

ਸਭ ਦੇ ਤਾਂਈ ਰਿਜ਼ਕ ਪਹੁੰਚਾਵੇ, ਸਭ ਦਾ ਇਹ ਦਾਤਾਰ ਹੈ ਕਰਤਾ।
ਇਸਨੂੰ ਕਦੇ ਭੁਲਾ ਨਾ ਭਾਈ, ਇਹ ਤੇਰਾ ਗਮਖਾਰ ਹੈ ਕਰਤਾ।

ਪੁਰਖੁ

ਇਹੋ ਹੀ ਇਕ ਪੁਰਖ ਹੈ ਪਿਆਰੇ, ਬਾਕੀ ਅਸੀਂ ਹਾਂ ਇਸਦੀਆਂ ਨਾਰਾਂ।
ਪੂਰਨ ਪੁਰਖ ਇਹ ਪ੍ਰਭ ਅਬਿਨਾਸ਼ੀ, ਇਹ ਹੀ ਸਭ ਦੀਆਂ ਰੱਖੇ ਸਾਰਾਂ।

ਦੁੱਖ ਭੁੱਖ ਤੇ ਰੰਜ ਗਮ ਵਿਚ, ਇਹ ਹੀ ਸਾਡੀਆਂ ਸੁਣੇਂ ਪੁਕਾਰਾਂ।
ਇਸਨੂੰ ਸਦਾ ਵਸਾ ਰੱਖ ਹਿਰਦੇ, ਜੇ ਚਾਹਨਾਂ ਤੂੰ ਮੌਜ ਬਹਾਰਾਂ।

ਨਿਰਭਉ

ਉਹ ਨਿਰਭਉ ਹੈ ਕੇਵਲ ਇਕੋ, ਜੋ ਨਹੀਂ ਕਿਸੇ ਦੇ ਪਾਸੋਂ ਡਰਦਾ।
ਦੁਸ਼ਟਾਂ ਨੂੰ ਡਰ ਦੇਵਣ ਵਾਲਾ, ਦੁਖੀਆਂ ਦੇ ਉਹ ਦੁਖੜੇ ਹਰਦਾ।

ਉਸਨੂੰ ਨਹੀਂ ਡਰ ਖੌਫ ਕਿਸੇ ਦਾ, ਜੋ ਵੀ ਉਹ ਚਾਹੁੰਦਾ ਹੈ ਕਰਦਾ।
ਐ 'ਨੂਰੀ' ਨਿਰਭਉ ਹੋਣ ਲਈ, ਤੂੰ ਵੀ ਹੋ ਜਾ ਉਸ ਦੇ ਦਰਦਾ।

ਨਿਰਵੈਰੁ

ਉਹ ਨਿਰਵੈਰੁ ਹੈ ਪ੍ਰਭੂ ਪਿਆਰਾ, ਕਿਸੇ ਨਾਲ ਨਹੀਂ ਉਸ ਦਾ ਵੈਰ।
ਹਰ ਇਕ ਨੂੰ ਉਹ ਆਪਣਾ ਜਾਣੇ, ਕਿਸੇ ਨੂੰ ਨ ਉਹ ਸਮਝੇ ਗੈਰ।

ਉਹ ਪਿਆਰੇ ਸਭ ਦਾ ਰਖਵਾਲਾ, ਹਰ ਇਕ ਦੀ ਉਹ ਚਾਹੁੰਦਾ ਖੈਰ।
ਤੈਨੂੰ ਵੀ ਚਾਹੀਦਾ ਹੈ 'ਨੂਰੀ', ਐਸੇ ਪ੍ਰਭ ਦੇ ਪੂੰਜੇਂ ਪੈਰ।

ਅਕਾਲ ਮੂਰਤਿ

ਮੂਰਤ ਉਸਦੀ ਬੜੀ ਕਮਾਲ, ਛੋਹ ਸਕਦਾ ਨਹੀਂ ਜਿਸਨੂੰ ਕਾਲ।
ਬਿਰਧ ਜਵਾਨ ਤੇ ਨ ਉਹ ਬਾਲ, ਉਹ ਇਕ ਐਸਾ ਪੁਰਖ ਅਕਾਲ।

ਸਰਬ ਮਈ ਇਸ ਮੂਰਤ ਵਿੱਚੋਂ, ਪੁਰਖ ਪ੍ਰਭੂ ਦਾ ਰੂਪ ਪਛਾਣੋਂ।
ਇਸ ਮੂਰਤ ਦਾ ਨਾਸ ਨਹੀਂ ਹੋਣਾ, ਇਸ ਨੂੰ ਅਮਰ ਸਦੀਵੀਂ ਜਾਣੋਂ।

ਅਜੂਨੀ

ਜੂਨਾਂ ਦੇ ਵਿੱਚ ਉਹ ਨਹੀਂ ਆਉਂਦਾ, ਪੂਰਨ ਪੁਰਖ ਉਹ ਪ੍ਰਭ ਦਾਤਾਰ।
ਉਹ ਅਭਿਨਾਸ਼ੀ ਸਦਾ ਸਦੀਵੀਂ, ਉਹ ਹੈ ਜਗ ਦਾ ਸਿਰਜਣਹਾਰ।

ਉਸ ਵਰਗਾ ਜਾਂ ਉਸ ਤੋਂ ਵੱਡਾ, ਹੋਰ ਨਹੀਂ ਕੋਈ ਜਗ ਤੇ ਪਿਆਰੇ।
ਕੱਣ-ਕੱਣ ਵਿੱਚ ਉਸ ਦਾ ਵਾਸਾ, ਉਸਦੀ ਹੀ ਸਭ ਓਟ ਸਹਾਰੇ।

ਸੈਭੰ

ਸੰਸੇ ਦੂਰ ਕਰੇ ਉਹ ਸਭ ਦੇ, ਹਰ ਇਕ ਦਾ ਕਰ ਸਕਦਾ ਨਾਸ।
ਦਾਸਾਂ ਦੀ ਕਰਦਾ ਉਹ ਰੱਖਿਆ, ਬਣ ਕੇ ਖੁਦ ਦਾਸਾਂ ਦਾ ਦਾਸ।

ਮਰਨ ਜਨਮ ਤੋਂ ਰਹਿਤ ਉਹ ਜਾਣੋਂ, ਉਹ ਨਹੀਂ ਮਾਤ ਕਿਸੇ ਨਾ ਜਾਇਆ।
ਆਪਣੇ ਆਪ ਤੋਂ ਪ੍ਰਗਟਿ ਹੋ ਕੇ, ਨੂਰ ਉਹਦਾ ਹੈ 'ਨੂਰੀ' ਆਇਆ।

ਗੁਰ

ਉਹ ਵੱਡਾ ਹੈ ਗਿਆਨ ਦਾ ਸਾਗਰ, ਅਗਿਆਨ ਹਨੇਰ ਮਿਟਾਵਣ ਵਾਲਾ।
ਭੁਲੀ ਹੋਈ ਲੁਕਾਈ ਤਾਂਈ, ਸੱਚ ਦੇ ਮਾਰਗ ਪਾਵਣ ਵਾਲਾ।

ਸੋਚ, ਸਮਝ, ਸੁਮੱਤ ਬਖਸ਼ ਕੇ, ਸਭ ਨੂੰ ਆਹਰੇ ਲਾਵਣ ਵਾਲਾ।
ਜੋ ਕੋਈ ਖੋਜੇ ਉਹ ਹੀ ਬਖਸ਼ੇ, ਸਭ ਦੀ ਆਸ ਪੁਜਾਵਣ ਵਾਲਾ।

ਪ੍ਰਸਾਦਿ

ਸੱਚ, ਪਵਿੱਤਰ, ਖੁਸ਼ੀਆਂ ਖੇੜੇ, ਨੂਰੀ ਪ੍ਰਭ ਦਾ ਇਹ ਪ੍ਰਸਾਦਿ।
ਇਹ ਸਭ ਹੋਣ ਪ੍ਰਾਪਤ ਉਸਨੂੰ, ਜੋ ਚਿਤੋਂ ਉਹਨੂੰ ਕਰਦਾ ਯਾਦ।

ਗੁਰ ਪ੍ਰਸਾਦਿ ਪਰਮ ਪਦ ਪਾਇਆ, ਜਿਸ ਦੀ ਇਸ ਕੀਤੀ ਇਮਦਾਦ।
ਸੇਵਾ ਸਿਮਰਨ ਦੇ ਵਿੱਚ ਲਾ ਉਹ, ਰੱਖਦਾ ਹੈ ਉਸ ਨੂੰ ਪ੍ਰਭ ਸ਼ਾਦ।

ਰੂਪ ਰੇਖਾ ਨਿਰੰਕਾਰ ਦੀ ਹੈ ਇਹ, ਇਸਨੂੰ 'ਨੂਰੀ' ਚਿਤ ਵਸਾਓ।
ਹਿਰਦੇ ਵਿੱਚ ਵਸਾ ਕੇ ਪਿਆਰੇ, ਜਦ ਚਾਹੋ ਪ੍ਰਭ ਦਰਸ਼ਨ ਪਾਓ।

□

ਆਸਾ ਮਹਲਾ ੧॥

ਵਾਰ ਸਲੋਕ ਨਾਲਿ

ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

ਟੁੰਡੇ ਅਸਰਾਜੈ ਕੀ ਧੁਨੀ॥

ਆਸਾ ਮਹਲਾ ਪਹਿਲਾ ਦੀ, ਇਹ ਵਾਰ ਹੈ ਬੜੀ ਕਮਾਲ।
ਸਲੋਕ ਵੀ ਇਸ ਵਿਚ ਲਿਖੇ ਨੇ ਉਤਮ, ਸਤਿਗੁਰ ਨਾਨਕ ਨਾਲ।
ਰਾਗੀ ਸਿੰਘ ਇਸ ਵਾਰ ਨੂੰ ਅਕਸਰ, ਸੁਬਾਹ ਸਵੇਰੇ ਗਾਉਂਦੇ।
ਟੁੰਡੇ ਅਸਰਾਜੇ ਦੀ ਧੁਨ ਵਿਚ, ਇਸ ਦੇ ਤਾਂਈ ਸੁਣਾਉਂਦੇ।
ਟੁੰਡੇ ਅਸਰਾਜੇ ਦੇ ਬਾਰੇ, ਪੜ੍ਹਨ ਸੁਣਨ ਵਿਚ ਆਇਆ।
ਸਾਰੰਗ ਰਾਜੇ ਦਾ ਉਹ ਪੁੱਤਰ, ਰਾਣੀ ਇਕ ਸੀ ਜਾਇਆ।
ਬੁਢੇ ਵਾਰੇ ਸਾਰੰਗ ਰਾਜੇ, ਵਿਆਹ ਇਕ ਹੋਰ ਕਰਾਇਆ।
ਜੋਬਨ ਮਤੀ ਰਾਣੀ ਨੂੰ ਉਹ, ਰਾਜਾ ਮੂਲ ਨ ਭਾਇਆ।
ਪੁਤਰ ਪਹਿਲਾ ਵੇਖ ਕੇ ਸੋਹਣਾ, ਰੀਝ ਪਈ ਉਸ ਤੇ ਰਾਣੀ।
ਕਹਿਣ ਲੱਗੀ ਉਸ ਤਾਂਈ ਸਜਣਾਂ, ਤੂੰ ਏਂ ਮੇਰਾ ਹਾਣੀ।
ਆ ਦੋਵੇਂ ਆਪਾਂ ਹਾਣੀ ਬਣ ਕੇ, ਪਿਆਰ ਦੀ ਪੀਂਘ ਚੜ੍ਹਾਈਏ।
ਜੋਬਨ ਸੋਹਣਾ ਦਿੱਤਾ ਰੱਬ ਨੇ, ਮੌਜਾਂ ਨਾਲ ਬਤਾਈਏ।
ਔਸ ਨੇ ਕਿਹਾ ਕਿ ਤੂੰ ਤਾਂ ਮੇਰੀ, ਪੂਜਣ ਯੋਗ ਮਾਂ ਪਿਆਰੀ।
ਮੈਂ ਕਦੇ ਵੀ ਸੋਚ ਨੀ ਸਕਦਾ, ਐਸੀ ਬਾਤ ਨਿਕਾਰੀ।
ਪੁਤਰ ਨੂੰ ਭਰਮਾਉਣ ਲਈ ਰਾਣੀ, ਜ਼ੋਰ ਬਹੁਤ ਜਦ ਲਾਇਆ।
ਧਰਮ ਆਪਣੇ ਤੇ ਕਾਇਮ ਰਿਹਾ ਔਸ, ਪਾਸ ਨਾ ਉਸ ਦੇ ਆਇਆ।
ਰਾਣੀ ਨੇ ਤਦ ਪਾਸ ਰਾਜੇ ਦੇ, ਏਦਾਂ ਮਕਰ ਚਲਾਇਆ।
ਤੇਰਾ ਪੁੱਤ ਮੈਨੂੰ ਵੇਖ ਅਕੱਲੀ, ਹੱਥ ਆਣ ਕੇ ਪਾਇਆ।
ਕਹਿਣ ਲੱਗਾ ਕਿ ਆਪਾਂ ਦੋਵੇਂ, ਬਣ ਕੇ ਮੀਤ ਪਿਆਰੇ।
ਹੁਸਨ ਇਸ਼ਕ ਵਿਚ ਮਿਲ ਕੇ, ਲਈਏ, ਦੋਵੇਂ ਖ਼ੂਬ ਨਜ਼ਾਰੇ।
ਰੋਣਾਂ-ਧੋਣਾਂ ਸੁਣ ਰਾਣੀ ਦਾ, ਕਰੋਧ 'ਚ ਰਾਜਾ ਆਇਆ।
ਪੁੱਤਰ ਲਈ ਉਸ ਕਰੋਧੀ ਰਾਜੇ, ਏਦਾਂ ਹੁਕਮ ਸੁਣਾਇਆ।

ਏਸ ਕਪੂਤ ਹਰਾਮੀ ਤਾਂਈ, ਹਰ ਪ੍ਰਾਣੀ ਦੁਰਕਾਰੋ।
ਟੁਕੜੇ ਟੁਕੜੇ ਕਰਕੇ ਇਸਦੇ, ਮੌਤ ਦੇ ਘਾਟ ਉਤਾਰੋ।
ਸੂਝਵਾਨ ਵਜ਼ੀਰ ਨੇ ਉਸਦਾ, ਇਕ ਹੱਥ ਸੀ ਕਟਵਾਇਆ।
ਬਾਹਰ ਉਜਾੜ ਦੇ ਖੂਹ ਇਕ ਵਿਚ, ਉਸ ਨੂੰ ਫਿਰ ਸੁਟਵਾਇਆ।
ਉਥੋਂ ਦੀ ਵਣਜਾਰਿਆਂ ਦਾ ਇਕ, ਕਾਫਲਾ ਜਾਂਦਾ ਹੈ ਸੀ।
ਡਿੱਠਾ ਉਹਨਾਂ ਮੁੰਡਾ ਖੂਹ ਵਿਚ, ਇਕ ਕੁਰਲਾਂਦਾ ਹੈ ਸੀ।
ਉਹਨਾਂ ਉਸਨੂੰ ਬਾਹਰ ਕੱਢ ਕੇ, ਤੁਰ ਗਏ ਲੈ ਕੇ ਨਾਲੇ।
ਇਕ ਧੋਬੀ ਪਾਸ ਵੇਚ ਕੇ ਉਹਨਾਂ, ਅੱਗੇ ਪਾਏ ਚਾਲੇ।
ਆਪਣੇ ਉਸ ਨੇ ਧੋਬੀ ਵਾਲਾ, ਵਾਹਵਾ ਕੰਮ ਚਲਾਇਆ।
ਉਸ ਨਗਰ ਦਾ ਮਰ ਗਿਆ ਰਾਜਾ, ਬੇ-ਔਲਾਦ ਸੀ ਭਾਈ।
ਨਗਰ ਵਾਸੀਆਂ ਨਵੇਂ ਰਾਜੇ ਲਈ, ਇਹ ਸੀ ਬਣਤ ਬਣਾਈ।
ਸਭ ਤੋਂ ਪਹਿਲਾਂ ਮੁੱਖ ਦਰਵਾਜ਼ਾ, ਨਗਰ ਦਾ ਜੋ ਖੜਕਾਊ।
ਉਸੇ ਨੂੰ ਹੀ ਸਭਾ ਅਸਾਡੀ, ਰਾਜਾ ਨਵਾਂ ਬਣਾਊ।
ਖੁੱਲ੍ਹ ਗਿਆ ਰਾਤੀ ਬਲਦ ਧੋਬੀ ਦਾ, ਲੱਭਣ ਵਿਚ ਨ ਆਵੇ।
ਧੋਬੀ ਦਾ ਅਸਰਾਜ ਉਹ ਨੌਕਰ, ਥਾਂ-ਥਾਂ ਲੱਭਣ ਜਾਵੇ।
ਬਲਦ ਲੱਭਣ ਲਈ ਦਰ ਨਗਰ ਦਾ, ਜਦ ਉਹਨੇ ਖੜਕਾਇਆ।
ਨਗਰ ਵਾਸੀਆਂ ਸ਼ਰਤ ਮੁਤਾਬਿਕ, ਰਾਜਾ ਉਹਨੂੰ ਬਣਾਇਆ।
ਰਾਜੇ ਦਾ ਪੁੱਤ ਹੋਣ ਦੇ ਕਾਰਣ, ਗੁਣ ਉਸ ਵਿਚ ਸਨ ਸਾਰੇ।
ਰਾਜ ਪ੍ਰਬੰਧ ਚਲਾਇਆ ਐਸਾ, ਸਭ ਦੇ ਕਾਜ ਸਵਾਰੇ।
ਬੇਬਸ ਦੁਖੀਆਂ ਦਾ ਬਣ ਦਰਦੀ, ਸੱਭ ਦਾ ਦਰਦ ਵੰਡਾਇਆ।
ਸਾਰੇ ਆਖਣ ਐਸਾ ਰਾਜਾ, ਪਹਿਲੀ ਵਾਰੀ ਆਇਆ।
ਕੁੱਝ ਸਮੇਂ ਦੇ ਪਿੱਛੋਂ ਕਾਦਰ, ਭਾਣਾ ਇਹ ਵਰਤਾਇਆ।
ਕਾਲ ਦੇ ਕਾਰਨ ਹਰ ਪ੍ਰਾਣੀ ਸੀ, ਡਾਢਾ ਹੀ ਘਬਰਾਇਆ।

ਗੁਆਂਢੀ ਦੇਸ਼ ਕਾਲ ਦੇ ਮਾਰੇ, ਅਸ ਰਾਜ ਵਿਚ ਆਏ।
ਮੰਗਣ ਲਈ ਇਮਦਾਦ ਅਸ ਅੱਗੇ, ਉਹਨਾਂ ਹੱਥ ਫੈਲਾਏ।
ਅਸਰਾਜ ਰਾਜੇ ਦੇਸ਼ ਦੇ ਅੰਦਰ, ਪ੍ਰਬੰਧ ਸਨ ਬੜੇ ਲਾਸਾਨੀ।
ਹਰ ਸ਼ੈ ਦੇ ਭੰਡਾਰ ਸੀ ਏਥੇ, ਹਰ ਸ਼ੈ ਸੀ ਮਨਮਾਨੀ।
ਦੂਜੇ ਦੇਸ਼ਾਂ ਦੇ ਅਮੀਰ ਵਜ਼ੀਰ ਕਈ, ਏਸ ਦੇਸ਼ ਵਿਚ ਆਉਂਦੇ।
ਅੰਨਦਾਨਾ ਮੁਲ ਲੈਣ ਖ਼ਾਤਰਾਂ, ਆਪਣੇ ਹੱਥ ਫੈਲਾਉਂਦੇ।
ਅਸਰਾਜੇ ਦੇ ਪਿਤਾ ਦਾ ਮੁਖੀਆ, ਉਹ ਵੀ ਇਥੇ ਆਇਆ।
ਆ ਕੇ ਆਪਣੇ ਦੇਸ਼ ਦਾ ਦੁੱਖੜਾ, ਅਸ ਨੂੰ ਆਣ ਸੁਣਾਇਆ।
ਅਸਰਾਜੇ ਪਹਿਚਾਣ ਕੇ ਉਸ ਨੂੰ, ਕੀਤੀ ਖ਼ਾਤਰ ਦਾਰੀ।
ਹਰ ਸ਼ੈ ਉਸ ਨੂੰ ਮੁਫ਼ਤ ਹੀ ਭੇਜੀ, ਜਾਣ ਉਹਦੀ ਲਚਾਰੀ।
ਮੁਖੀਏ ਨੇ ਜਦ ਰਾਜੇ ਤਾਂਈ, ਖੋਹਲ ਕੇ ਬਾਤ ਸੁਣਾਈ।
ਰਾਜੇ ਤਾਂਈ ਹਕੀਕਤ ਸਾਰੀ, ਸਮਝ ਦੇ ਅੰਦਰ ਆਈ।
ਪੁਤਰ ਦੇ ਆਚਰਨ ਨੂੰ ਰਾਜਾ, ਜਾਣ ਗਿਆ ਸੀ ਸਾਰਾ।
ਰਾਜ ਭਾਗ ਸਭ ਉਸ ਨੂੰ ਦੇ ਕੇ, ਕੀਤਾ ਆਪ ਕਿਨਾਰਾ।
ਢਾਡੀਆਂ ਨੇ ਬਿਰਤਾਂਤ ਇਹ ਸਾਰਾ, ਵਾਰ ਦੇ ਅੰਦਰ ਗਾਇਆ।
ਕਾਵਿਯ ਰੂਪ ਵਿਚ ਜੋੜ ਕੇ ਇਸਨੂੰ, ਰਾਜੇ ਤਾਂਈ ਸੁਣਾਇਆ।
ਰਾਜੇ ਨੇ ਇਸ ਵਾਰ ਨੂੰ ਸੁਣ ਕੇ, ਢਾਡੀਆਂ ਨੂੰ ਵਡਿਆਇਆ।
ਬਹੁਤ ਇਨਾਮ ਉਹਨਾਂ ਨੂੰ ਦੇ ਕੇ, ਪ੍ਰਭ ਦਾ ਸ਼ੁਕਰ ਮਨਾਇਆ।
ਸਤਿਗੁਰੂ ਜੀ ਵੀ ਵਾਰ ਆਸਾ ਨੂੰ, ਕਿਹਾ ਹੈ ਇਸ ਧੁਨ ਗਾਉ।
ਸੁਬਾ ਸਵੇਰੇ ਗਾ ਕੇ ਇਸਨੂੰ, ਸੁੱਖ ਅਨੰਦੀ ਪਾਉ।
ਆਸਾ ਦੀ ਵਾਰ ਦਾ ਸੁਣ ਪਿਛੋਕੜ, ਸੰਗਤਾਂ ਸਦਕੇ ਜਾਵਣ।
ਤਾਂਹੀਉਂ ਤਾਂ ਹਰਿ ਗੁਰੂ ਦੁਆਰੇ, ਕੀਰਤਨ ਰਾਗੀ ਗਾਵਣ।

ਗੁਰਬਾਣੀ

1.

ਸਲੋਕੁ ਮ: ॥੧॥
ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ॥
ਜਿਨਿ ਮਾਣਸ ਤੇ ਦੇਵਤੇ
ਕੀਏ ਕਰਤ ਨ ਲਾਗੀ ਵਾਰ॥੧॥

2.

ਮ: ੨॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥

ਅਨੁਵਾਦ

1.

ਮੈਂ ਦਿਨ ਵਿਚ ਸੌ ਵਾਰੀ ਸਦਕੇ,
ਗੁਰ ਆਪਣੇ ਤੇ ਜਾਵਾਂ।
ਵਾਰੀ ਸਦਕੇ ਜਾ ਕੇ ਉਸਨੂੰ,
ਆਪਣਾ ਸੀਸ ਝੁਕਾਵਾਂ।
ਜਿਸ ਬੰਦਿਆਂ ਤੋਂ ਸਾਜ਼ ਦੇਵਤੇ,
ਅਚਰਜ ਖੇਡ ਰਚਾਈ।
ਏਸ ਖੇਡ ਰਚਾਵਣ ਲਗਿਆਂ,
ਦੇਰ ਨਹੀਂ ਉਕਾ ਲਾਈ।

2.

ਜੇ ਸਉ ਚੰਦ ਵੀ ਚੜ੍ਹ ਜਾਣ ਜਗਤੇ,
ਸੂਰਜ ਵੀ ਚੜ੍ਹ ਜਾਣ ਹਜ਼ਾਰ।
ਏਨਾਂ ਵੀ ਜੇ ਚਾਨਣ ਹੋ ਜਾਏ,
ਫਿਰ ਵੀ ਏਹੋ ਕਰਾਂ ਪੁਕਾਰ।
ਆਪਣੇ ਗੁਰ ਦੇ ਨੂਰ ਦੇ ਬਾਝੋਂ,
ਹਰ ਥਾਂ ਰਹਿਸੀ ਘੁਪ ਅੰਧਿਆਰ।
ਸਤਿਗੁਰ ਦੀ ਇਹ ਬਾਤ ਪਿਆਰੇ,
ਤੂੰ ਐ ਪ੍ਰਾਨੀ ਹਿਰਦੇ ਧਾਰ।

ਗੁਰਬਾਣੀ

3.

ਮਃ ੧ ॥

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥

ਛੁਟੇ ਤਿਲ ਬੂਆੜ ਜਿਉ ਸੁੰਞੇਂ ਅੰਦਰਿ ਖੇਤ।

4.

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥

ਫਲੀਅਹਿ ਫੁਲੀਅਹਿ ਬਪੁੜੇ ਭੀ

ਤਨ ਵਿਚਿ ਸੁਆਹ ॥੩ ॥

ਅਨੁਵਾਦ

3.

ਨਾਨਕ ਗੁਰੂ ਜੀ ਏਦਾਂ ਕਹਿੰਦੇ,
ਜੋ ਸਤਿਗੁਰ ਨਹੀਂ ਦਿਲੋਂ ਧਿਆਉਂਦੇ।
ਆਪਣੇ ਆਪ ਨੂੰ ਵਡੇ ਚਾਤਰ,
ਜਿਹੜੇ ਮਨ ਵਿਚ ਨੇ ਅਖਵਾਉਂਦੇ।
ਸੁੰਞੈ ਖੇਤ 'ਚ ਸੜੇ ਹੋਏ ਤਿਲ,
ਜਿਦਾਂ ਪਏ ਨਿਖਸਮੇਂ ਜਾਣੋਂ।
ਏਸ ਤਰ੍ਹਾਂ ਹੀ ਐਸੇ ਪ੍ਰਾਨੀ,
ਇਸ ਦੁਨੀਆਂ ਤੇ ਆਏ ਪਛਾਣੋਂ।

4.

ਖੇਤੀ ਅੰਦਰ ਉਨ੍ਹਾਂ ਤਿਲਾਂ ਦੇ,
ਸੌ ਮਾਲਕ ਵੀ ਹੋਣ ਪਿਆਰੇ।
ਫਿਰ ਵੀ ਉਹ ਬੇ-ਅਰਥੇ ਜਾਣੋਂ,
ਐਸੇ ਉਹ ਕਿਸਮਤ ਦੇ ਮਾਰੇ।
ਫੁਲ ਵੀ ਉਹਨਾਂ ਤਿਲਾਂ ਨੂੰ ਲਗਣ,
ਫਲਦੇ ਵੀ ਉਹ ਹੈਨ ਵਿਚਾਰੇ।
ਤਿਲਾਂ ਦੀ ਥਾਂ ਉਹਨਾਂ ਦੇ ਅੰਦਰ,
ਭਰੀ ਹੁੰਦੀ ਸਵਾਹ ਹੈ ਸਾਰੇ।

ਗੁਰਬਾਣੀ

5.

॥ਪਉੜੀ॥

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

6.

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ॥

ਕਰਿ ਆਸਣੁ ਡਿਠੋ ਚਾਉ॥੧॥

ਅਨੁਵਾਦ

5.

ਅਕਾਲ ਪੁਰਖ ਪ੍ਰਭੂ ਨੇ ਆਪੇ,
ਆਪਣੇ ਆਪ ਨੂੰ ਸਾਜਿਆ ਭਾਈ।
ਆਪ ਹੀ ਆਪਣਾ ਨਾਮ ਕਮਾਇਆ,
ਆਪੇ ਨੂੰ ਬਖਸ਼ੀ ਵਡਿਆਈ।
ਫਿਰ ਉਸ ਨੇ ਇਹ ਕੁਦਰਤ ਸਾਜੀ,
ਉਸ ਵਿਚ ਆਪਣਾ ਆਪ ਸਮਾਇਆ।
ਹੋ ਕੇ ਇਸ ਵਿਚ ਆਪ ਵਿਆਪਕ,
ਜਗਤ ਖੇਲ ਫਿਰ ਵੇਖਣ ਆਇਆ।

6.

ਆਪ ਹੀ ਤੂੰ ਪ੍ਰਭ ਜੀਵਾਂ ਤਾਂਈ,
ਹਰ ਦਾਤ ਬਖ਼ਸ਼ੇ ਦਾਤਾਰ।
ਆਪ ਹੀ ਸਾਜ ਕੇ ਸਾਰੀ ਦੁਨੀਆਂ,
ਮਿਹਰਾਂ ਦਾ ਬਖ਼ਸ਼ੇ ਭੰਡਾਰ।
ਆਪ ਹੀ ਤੂੰ ਪ੍ਰਭ ਜਾਣੂ ਸਭ ਦਾ,
ਆਪ ਹੀ ਬਖ਼ਸ਼ੇ ਜਿੰਦ ਲਿਬਾਸ।
ਦੇਵੇਂ ਵੀ ਆਪੇ ਤੂੰ ਪ੍ਰਭ ਜੀ,
ਚਾਹਵੇਂ ਤਾਂ ਮੁੜ ਲੈ ਲਏਂ ਸਵਾਸ।
ਤੂੰ ਕੁਦਰਤ ਵਿਚ ਆਸਣ ਲਾ ਕੇ,
ਜਗਤ ਤਮਾਸ਼ਾ ਵੇਖੇਂ ਪਿਆਰੇ।
ਤੇਰੇ ਇਹਨਾਂ ਚੋਜ਼ਾਂ ਉੱਤੇ,
ਹਰ ਪ੍ਰਾਨੀ ਹੈ ਸਦ ਬਲਹਾਰੇ।

ਗੁਰਬਾਣੀ

7.

ਸਲੋਕ ਮ:੧॥

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥

8.

ਸਚੇ ਤੇਰੇ ਲੋਅ ਸਚੇ ਆਕਾਰ॥

ਸਚੇ ਤੇਰੇ ਕਰਣੇ ਸਰਬ ਬੀਚਾਰ॥

ਅਨੁਵਾਦ

7.

ਹੇ ਪ੍ਰਭ! ਤੇਰੇ ਪੈਦਾ ਕੀਤੇ ਖੰਡ,
ਬ੍ਰਹਮੰਡ ਇਸ ਜਗ ਦੇ ਸਾਰੇ।
ਇਸ ਵਿਚ ਕੋਈ ਅਥ-ਕਥਨੀ ਨਹੀਂ,
ਸੱਚੇ ਇਹ ਸਭ ਹੈਨ ਪਿਆਰੇ।
ਕਾਇਮ ਸਦਾ ਨੇ ਜਗ ਤੇ ਰਹਿਣੇ,
ਧਰਤੀ ਦੇ ਇਹ ਟੁਕੜੇ ਸਾਰੇ।
ਰਹਿਣੀਂ ਕਾਇਮ ਸਦਾ ਇਹ ਸ੍ਰਿਸ਼ਟੀ,
ਤੇ ਜਗ ਦੇ ਸਾਰੇ ਕੁਲ ਪਸਾਰੇ।

8.

ਚੌਦਾਂ ਲੋਕ ਇਹ ਸਾਜੇ ਤੇਰੇ,
ਹੋਰ ਬੇਅੰਤ ਤੇਰੇ ਆਕਾਰ।
ਇਹ ਸਭ ਸਦਾ ਅਟਲ ਨੇ ਰਹਿਣੇ,
ਹੇ ਪ੍ਰਭ! ਜਗ ਦੇ ਸਾਜਣਹਾਰ।
ਸਚੇ ਤੇਰੇ ਪ੍ਰਭ ਕੰਮ ਨੇ ਪਿਆਰੇ,
ਸਚੀ ਤੇਰੀ ਪ੍ਰਭ ਸੋਚ ਵਿਚਾਰ।
ਸੱਚਾ ਤੇਰਾ ਇਹ ਰੂਪ ਹੈ ਐ ਪ੍ਰਭ,
ਹੋਰ ਨਾਸਵੰਤ ਸਾਰਾ ਸੰਸਾਰ।

ਗੁਰਬਾਣੀ

9.

ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥
ਸਚਾ ਤੇਰਾ ਕਰਮੁ ਸਚਾ ਨੀਸਾਣੁ ॥

10.

ਸਚੇ ਤੁਧੁ ਆਖਹਿ ਲਖ ਕਰੋੜਿ ॥

11.

ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥

ਅਨੁਵਾਦ

9.

ਹੁਕਮ ਤੇਰਾ ਅਟਲ ਅਮਰ ਹੈ,
ਸਚਾ ਤੇਰਾ ਹਰ ਫੁਰਮਾਨ।
ਸੱਚੀ ਹੈ ਤੇਰੀ ਹਰ ਬਖਸ਼ਿਸ਼,
ਬਖਸ਼ਿਸ਼ ਦੇ ਨੇ ਅਮਰ ਨਿਸ਼ਾਨ।
ਜੀਵਾਂ ਨੂੰ ਤੂੰ ਬਖਸ਼ ਰਿਹਾ ਏ,
ਹਰ ਸ਼ੈ ਦੇ ਪ੍ਰਭ ਜੀ ਭੰਡਾਰ।
ਸਦਾ ਵਾਸਤੇ ਕਾਇਮ ਰਹਿਣੇ,
ਹੱਕ ਅਦਲ ਤੇਰੇ ਦਰਬਾਰ।

10.

ਲਖ ਕਰੋੜ ਜੀਵ ਜਗਤ ਤੇ,
ਸਿਮਰ ਰਹੇ ਜੋ ਤੈਨੂੰ ਪਿਆਰੇ।
ਇਹ ਵੀ ਤੇਰਾ ਇਕ ਕੌਤਕ ਹੈ,
ਸਦਾ ਲਈ ਇਹ ਸਚੇ ਸਾਰੇ।

11.

ਖੰਡ, ਬ੍ਰਹਮੰਡ ਤੇ ਲੋਕ ਅਕਾਰ ਇਹ,
ਜੀਵ ਜੰਤ ਸਭ ਜਗ ਦੇ ਹੋਰ।
ਸਭਨਾ ਦਾ ਤੂੰ ਸਚਾ ਸੁਆਮੀ,
ਸਭਨਾ ਤੇ ਤੇਰਾ ਪ੍ਰਭੂ ਜ਼ੋਰ।

ਗੁਰਬਾਣੀ

12.

ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸ਼ਾਹ ॥

13.

ਨਾਨਕ ਸਚੁ ਧਿਆਇਨਿ ਸਚੁ ॥

14.

ਜੋ ਮਰਿਜੰਮੇ ਸੁ ਕਚੁ ਨਿਕਚੁ ॥੧॥

ਅਨੁਵਾਦ

12.

ਤੇਰੀ ਸਿਫ਼ਤ ਸਲਾਹ ਪਾਤਸ਼ਾਹ,
ਅਟਲ ਰਹਿਣਾ ਪ੍ਰਬੰਧ ਇਹ ਜਾਰੀ।
ਪ੍ਰਬੰਧ ਇਹਦਾ ਕਦੇ ਖ਼ਤਮ ਨਹੀਂ ਹੋਣਾ,
ਸਾਜੀ ਜੋ ਤੂੰ ਰਚਨਾ ਸਾਰੀ।

13.

ਹੇ ਨਾਨਕ! ਜੋ ਜੀਵ ਨੇ ਜਗਦੇ,
ਸਚੇ ਪ੍ਰਭ ਦਾ ਸਿਮਰਨ ਕਰਦੇ।
ਰੂਪ ਪ੍ਰਭੂ ਦਾ ਬਣ ਜਾਵਣ ਉਹ,
ਹੋ ਜਾਵਣ ਜੋ ਉਸ ਦੇ ਦਰ ਦੇ।

14.

ਜੰਮਣ ਮਰਨ ਦੇ ਗੇੜ ਪਏ ਉਹ,
ਸਿਮਰਨ ਵਿਚ ਜੀਹਨਾ ਸੁਰਤ ਨਹੀਂ ਲਾਈ।
ਉਹ ਹਾਲੇ ਬਿਲਕੁਲ ਨੇ ਕੱਚੇ,
ਪ੍ਰਭੂ ਜੋਤ ਦੀ ਥਹੁ ਨਹੀਂ ਪਾਈ।

ਭਾਵ

ਜੰਮਣ ਮਰਨ ਦੇ ਗੇੜ ਪਏ ਜੋ,
ਉਹ ਬਿਲਕੁਲ ਕਚੇ ਨੇ ਭਾਈ।
ਪ੍ਰਭੂ ਰੂਪ ਦੇ ਰੂਪ 'ਚ ਆ ਕੇ,
ਸਿਮਰਨ ਵਿਚ ਨਹੀਂ ਸ਼ਕਤੀ ਲਾਈ।

ਗੁਰਬਾਣੀ

15.

ਮ:੧ ॥

ਵਡੀ ਵਡਿਆਈ ਜਾ ਵਡਾ ਨਾਉ ॥

16.

ਵਡੀ ਵਡਿਆਈ ਜਾ ਸਚੁ ਨਿਆਉ ॥

17.

ਵਡੀ ਵਡਿਆਈ ਜਾ ਨਿਹਚਲ ਥਾਉ ॥

ਅਨੁਵਾਦ

ਨੋਟ - ਸ਼ਬਦ ਸਚ ਸੰਸਕ੍ਰਿਤ ਸ਼ਬਦ,
ਸਤਯ ਦਾ ਪੰਜਾਬੀ ਰੂਪ ਹੈ ਭਾਈ।
ਸਤਯ ਦਾ ਅਰਥ ਹੀ ਅਸਲੀ ਜਾਣੋਂ,
ਸਚਮੁਚ ਪਿਆਰੇ ਹੋਂਦ 'ਚ ਆਈ।

15.

ਸਿਫ਼ਤ ਸਲਾਹ ਉਸ ਪ੍ਰਭ ਸਚੇ ਦੀ,
ਕਰਨੀ ਬਹੁਤ ਮੁਹਾਲ ਹੈ ਪਿਆਰੇ।
ਨਾਮਣਾਂ ਜਿਸਦਾ ਅਤੁਵਡਾ ਹੈ,
ਕੌਣ ਦਸੇ ਉਹਦਾ ਹਾਲ ਹੈ ਪਿਆਰੇ।

16.

ਵਡੀ ਹੈ ਵਡਿਆਈ ਉਸਦੀ,
ਸਚਾ ਉਹ ਪ੍ਰਭ ਕਰੇ ਨਿਆਂ।
ਉਸਦੀ ਇਸ ਵਿਡਆਈ ਤਾਂਈ,
ਕਿਹੜਾ ਜੋ ਕਰ ਸਕੇ ਬਿਆਂ।

17.

ਨਾਮ ਉਹਦਾ ਅਟਲ ਸਦਾ ਹੈ,
ਇਹ ਵੀ ਵਡੀ ਹੈ ਵਡਿਆਈ।
ਉਸਦੀ ਇਸ ਵਡਿਆਈ ਵਾਲੀ,
ਕਿਸੇ ਨਾ ਅਜ ਤੱਕ ਥਹੁ ਨਹੀਂ ਪਾਈ।

ਗੁਰਬਾਣੀ

18.

ਵਡੀ ਵਡਿਆਈ ਜਾਣੈ ਆਲਾਉ॥

19.

ਵਡੀ ਵਡਿਆਈ ਬੁਝੈ ਸਭਿ ਭਾਉ॥

20.

ਵਡੀ ਵਡਿਆਈ ਜਾ ਪੁਛਿ ਨ ਦਾਤਿ॥

21.

ਵਡੀ ਵਡਿਆਈ ਜਾ ਆਪੇ ਆਪਿ॥

ਅਨੁਵਾਦ

18.

ਵਡੀ ਉਸਦੀ ਇਹ ਵਡਿਆਈ,
ਹਰ ਇਕ ਜੀਵ ਦੇ ਬੋਲ ਉਹ ਜਾਣੇਂ।
ਹਰ ਇਕ ਦੀ ਅਰਦਾਸ ਉਹ ਸੁਣਕੇ,
ਹਰ ਪ੍ਰਾਣੀ ਦੀ ਰਮਜ਼ ਪਛਾਣੇਂ।

19.

ਵਡੀ ਵਡਿਆਈ ਉਹ ਬੁੱਝ ਲੈਂਦਾ ਹੈ,
ਹਰ ਇਕ ਦੀ ਉਹ ਦਿਲੀ ਤਰੰਗ॥
ਜਾਣੀ ਜਾਣ ਉਹ ਜਾਨਣ ਹਾਰਾ,
ਕੀ ਕਿਸੇ ਦੇ ਦਿਲ ਦੀ ਮੰਗ॥

20.

ਵਡੀ ਵਡਿਆਈ ਉਹ ਪੁਛਦਾ ਨਹੀਂ ਹੈ,
ਕੀ ਕਿਸੇ ਨੂੰ ਦੇਈਏ ਦਾਤ।
ਆਪਣੀ ਉਹ ਮਰਜ਼ੀ ਦਾ ਮਾਲਕ,
ਬਖ਼ਸ਼ੀ ਜਾਂਦੈ ਹਰ ਸੌਗਾਤ।

21.

ਵਡੀ ਉਸਦੀ ਇਹ ਵਡਿਆਈ,
ਆਪੇ ਦਾ ਮਾਲਕ ਉਹ ਆਪ।
ਬਖ਼ਸ਼ਿਸ਼ ਤੇ ਉਸਦੀ ਵਡਿਆਈ,
ਸਕਦਾ ਨਹੀਂ ਕੋਈ ਜਗ ਤੇ ਮਾਪ।

ਗੁਰਬਾਣੀ

22.

ਨਾਨਕ ਕਾਰ ਨ ਕਥਨੀ ਜਾਇ ॥
ਕੀਤਾ ਕਰਣਾ ਸਰਬ ਰਜਾਇ ॥੨॥

23.

ਮ:੨ ॥ ਇਹੁ ਜਗੁ ਸਚੈ ਕੀ ਹੈ ਕੋਠੜੀ ॥
ਸਚੇ ਕਾ ਵਿਚਿ ਵਾਸੁ ॥

24.

ਇਕਨਾ ਹੁਕਮਿ ਸਮਾਇ ਲਏ,
ਇਕਨ੍ਹਾ ਹੁਕਮੇ ਕਰੇ ਵਿਣਾਸੁ ॥

ਅਨੁਵਾਦ

22.

ਹੇ ਨਾਨਕ! ਪ੍ਰਭ ਦੀ ਵਡਿਆਈ,
ਹੋ ਸਕਦੀ ਨਹੀਂ ਕਦੇ ਬਿਆਨ।
ਇਸਦੀ ਵਡਿਆਈ ਦਾ ਕੀ ਕਹਿਣਾ,
ਵਡਿਆਈ ਕਿਉਂਕਿ ਮਹਾਂ ਮਹਾਨ।
ਸਾਰੀ ਉਹ ਰਚਕੇ ਇਹ ਰਚਨਾ,
ਆਪਣੇ ਹੁਕਮ ਦੇ ਵਿਚ ਚਲਾਵੇ।
ਉਸਦੀ ਵਡਿਆਈ ਦਾ ਨੂਰੀ,
ਅੰਤ ਨਾ ਉੱਕਾ ਜਾਣਿਆ ਜਾਵੇ।

23.

ਇਹ ਜਗ ਪ੍ਰਭ ਦੇ ਰਹਿਣ ਦੀ ਥਾਂ ਹੈ,
ਸਚੇ ਪ੍ਰਭ ਦਾ ਇਸ ਵਿਚ ਵਾਸ।
ਕਾਇਮ ਸਦਾ ਇਸ ਨੇ ਹੈ ਰਹਿਣਾ,
ਜਿਸ ਥਾਂ ਰੱਖਦਾ ਪ੍ਰਭੂ ਨਿਵਾਸ।

24.

ਕਈ ਜੀਵਾਂ ਨੂੰ ਪ੍ਰਭੂ ਬਚਾ ਕੇ,
ਆਪਣੇ ਹੁਕਮਾਂ ਦੇ ਅਨੁਸਾਰ।
ਕਈਆਂ ਨੂੰ ਆਪਣੇ ਨਾਲ ਮੇਲੇ,
ਕਈ ਡੁਬੋ ਕੇ ਦੇਂਦਾ ਮਾਰ।

ਗੁਰਬਾਣੀ

25.

ਇਕਨਾ ਭਾਣੈ ਕਢਿ ਲਏ,
ਇਕਨਾ ਮਾਇਆ ਵਿਚਿ ਨਿਵਾਸੁ॥

26.

ਏਵ ਭਿ ਆਖਿ ਨ ਜਾਪਈ
ਜਿ ਕਿਸੈ ਆਣੇ ਰਾਸਿ॥

27.

ਨਾਨਕ ਗੁਰਮੁਖਿ ਜਾਣੀਐ ਜਾ
ਕਉ ਆਪਿ ਕਰੇ ਪਰਗਾਸੁ॥੩॥

28.

ਪਉੜੀ॥
ਨਾਨਕ ਜੀਅ ਉਪਾਇਕੈ ਲਿਖਿ
ਨਾਵੈ ਧਰਮੁ ਬਹਾਲਿਆ॥

ਅਨੁਵਾਦ

25.

ਕਈ ਜੀਵਾਂ ਨੂੰ ਹੁਕਮ ਮੁਤਾਬਿਕ,
ਮਾਇਆ ਮੋਹ ਤੋਂ ਆਪ ਬਚਾਉਂਦਾ।
ਕਈਆਂ ਤਾਂਈ ਮਾਇਆ ਵਿਚ ਫਸਾ ਕੇ,
ਮਾਇਆ ਕੱਠੀ ਕਰਨ 'ਚ ਲਾਉਂਦਾ।

26.

ਇਹ ਗਲ ਭੀ ਨਹੀਂ ਦਸੀ ਜਾਂਦੀ,
ਕਿਸ ਦਾ ਬੇੜਾ ਕਰੇ ਉਹ ਪਾਰ।
ਉਸਦਾ ਭੇਦ ਕਿਸ ਨਹੀਂ ਪਾਇਆ,
ਕਿਸ ਗਲ ਵਿਚ ਰਾਜੀ ਦਾਤਾਰ।

27.

ਹੇ ਨਾਨਕ ਜਿਸ ਵਡਭਾਗੇ ਤਾਂਈ,
ਬਖ਼ਸ਼ ਦਵੇ ਉਹ ਆਪਣਾ ਨੂਰ।
ਗੁਰ ਦੇ ਰਾਹੀਂ ਸਮਝ ਜਾਵੇ ਉਹ,
ਹੁਕਮ ਗੁਰੂ ਦੇ ਤਾਂਈ ਹਜ਼ੂਰ।

28.

ਨਾਨਕ ਆਖਣ ਪ੍ਰਭੂ ਪਿਆਰੇ,
ਜੀਵ ਜਗਤ ਦੇ ਸਾਜ ਕੇ ਸਾਰੇ।
ਲੇਖਾ ਸਭ ਦਾ ਲਿਖਣ ਦੀ ਖ਼ਾਤਰ,
ਧਰਮ ਰਾਜ ਨੂੰ ਥਾਪਿਆ ਪਿਆਰੇ।

ਗੁਰਬਾਣੀ

29.

ਓਥੈ ਸਚੇ ਹੀ ਸਚਿ ਨਿਬੜੈ ਚੁਣਿ
ਵਖਿ ਕਢੇ ਜਜਮਾਲਿਆ॥

30.

ਥਾਉ ਨ ਪਾਇਨਿ ਕੂੜਿਆਰ ਮੁਹ
ਕਾਲੈ ਦੋਜਕਿਚਾਲਿਆ॥

31.

ਤੇਰੈ ਨਾਇ ਰਤੇ ਸੇਜਿਣਿ ਗਏ॥
ਹਾਰਿ ਗਏ ਸਿ ਠਗਣ ਵਾਲਿਆ॥

ਅਨੁਵਾਦ

29.

ਸਚ ਤੇ ਓਥੇ ਹੋਏ ਨਿਬੇੜਾ,
ਸਚੇ ਓਥੇ ਪਾਉਂਦੇ ਮਾਣ।
ਮੰਦ ਕਰਮੀਂ ਭੈੜੇ ਸਭ ਓਥੇ,
ਲਾਅਨਤਾਂ ਪਾ ਕੇ ਕਢੇ ਜਾਣ।

30.

ਝੂਠੇ ਠਗ ਫਰੇਬੀ ਤਾਂਈ,
ਓਥੇ ਨ ਕੋਈ ਮਿਲੇ ਟਿਕਾਣਾ।
ਕਾਲਾ ਮੂੰਹ ਉਹਨਾਂ ਦੇ ਕਰਕੇ,
ਦੋਜ਼ਖ਼ ਵਿਚ ਉਹਨੂੰ ਧਕਿਆ ਜਾਣਾ।

31.

ਹੇ ਪ੍ਰਭੂ! ਤੇਰੇ ਨਾਮ 'ਚ ਰੰਗੇ ਪ੍ਰਾਣੀ,
ਉਹ ਜਗ ਦੀ ਬਾਜੀ ਜਿਤ ਕੇ ਜਾਂਦੇ।
ਜੋ ਠਗੀ ਹੇਰਾ ਫੇਰੀ ਕਰਦੇ,
ਮਾਰ ਸਦਾ ਉਹ ਮੂੰਹ ਦੀ ਖਾਂਦੇ।

ਗੁਰਬਾਣੀ

32.

ਲਿਖਿ ਨਾਵੈ ਧਰਮੁ ਬਹਾਲਿਆ ॥੨॥

33.

ਸਲੋਕ ਮ:੧ ॥ ਵਿਸਮਾਦੁ ਨਾਦ ਵਿਸਮਾਦੁ ਵੇਦ ॥

ਅਨੁਵਾਦ

32.

ਲਿਖਣੇ ਲਈ ਸਭਨਾਂ ਦਾ ਲੇਖਾ,
ਧਰਮ ਰਾਜ ਨੂੰ ਪ੍ਰਭੂ ਬਿਠਾਇਆ।
ਏਸ ਬਾਤ ਨੂੰ ਸਚੀ ਜਾਣੋ,
ਸਤਿਗੁਰ ਨਾਨਕ ਜੋ ਫੁਰਮਾਇਆ।

ਸ਼ਬਦ ਵਿਸਮਾਦ ਕੀ ਹੈ?

ਕੁਦਰਤ ਦੀ ਬੇਅੰਤ ਲੀਲਾ ਤੱਕ,
ਅਕਲ ਬੰਦੇ ਦੀ ਹੋਏ ਹੈਰਾਨ।
ਮਨ ਵਿਚ ਇਕ ਕਾਂਬਾ ਜਿਹਾ ਛਿੜ ਜਾਏ,
ਵਿਸਮਾਦ ਅਵਸਥਾ ਇਹ ਪਹਿਚਾਨ।

ਜਾਂ

ਆਤਮਕ ਰਸ, ਸਹਿਜ ਆਨੰਦ, ਅਸਚਰਜ
ਅਵਸਥਾ, ਸਾਜਾਂ ਦੀ ਆਵਾਜ਼ ਪਿਆਰੇ
ਵਿਸਮਾਦ ਸ਼ਬਦ ਦੇ ਰੂਪ ਕਈ ਦਸੇ,
ਗੁਰੂ ਨਾਨਕ ਮਹਾਰਾਜ ਪਿਆਰੇ।

33.

ਅਸਚਰਜ ਪ੍ਰਭੂ ਇਹ ਕੁਦਰਤ ਤੇਰੀ,
ਕੁਦਰਤ ਦੇ ਸਭ ਬੋਲ ਸੁਹਾਣੇਂ।
ਵੇਦ ਤੇਰੇ ਅਸਚਰਜ ਨੇ ਸਾਰੇ,
ਜੀਹਨਾਂ ਤਾਂਈ ਤੂੰ ਆਪੇ ਜਾਣੇਂ।

ਗੁਰਬਾਣੀ

34.

ਵਿਸਮਾਦੁ ਜੀਅ ਵਿਸਮਾਦੁ ਭੇਦ॥

35.

ਵਿਸਮਾਦੁ ਰੂਪ ਵਿਸਮਾਦੁ ਰੰਗ॥

36.

ਵਿਸਮਾਦੁ ਨਾਗੇ ਫਿਰਹਿ ਜੰਤ॥

37.

ਵਿਸਮਾਦੁ ਪਉਣ ਵਿਸਮਾਦੁ ਪਾਣੀ॥

ਅਨੁਵਾਦ

34.

ਜੀਆਂ ਦੇ ਕਈ ਭੇਦ ਨਿਆਰੇ,
ਹੋਰ ਅਨੇਕ ਪਦਾਰਥ ਸਾਰੇ।
ਅਸਚਰਜਤਾ ਤੱਕ ਇਹਨਾਂ ਨੂੰ ਹੁੰਦੀ,
ਸਾਜੇ ਕਿਵੇਂ ਇਹ ਸਾਜਣ ਹਾਰੇ।

35.

ਕਈ ਰੂਪ ਤੇ ਰੰਗ ਅਨੇਕਾਂ,
ਜਿਧਰ ਵੀ ਇਹ ਨਜ਼ਰ ਦੁੜਾਈਏ।
ਤਕ ਤਕ ਉਸ ਦੇ ਚੋਜ਼ ਨਿਆਰੇ,
ਵਿਸਮਾਦੁ ਅਵਸਥਾ ਵਿਚ ਆ ਜਾਈਏ।

36.

ਵਿਸਮਾਦੁ ਅਵਸਥਾ ਧਾਰਨ ਕਰਕੇ,
ਚੋਜ਼ ਕੀਤੇ ਕਈ ਪ੍ਰਭੂ ਪਿਆਰੇ।
ਜੀਵ ਜੰਤ ਕਈ ਇਸ ਦੁਨੀਆਂ ਤੇ,
ਵੇਖੋ ਨੰਗੇ ਫਿਰਨ ਵਿਚਾਰੇ।

37.

ਪਾਉਣ ਪਾਣੀ ਵਿਸਮਾਦੁ 'ਚ ਕਿਧਰੇ,
ਵੇਖੋ ਪਏ ਅਠਖੇਲੀਆਂ ਕਰਦੇ।
ਸਾਰੇ ਹੀ ਵਿਸਮਾਦੁ 'ਚ ਆ ਕੇ,
ਉਸ ਪ੍ਰਭ ਦਾ ਨੇ ਪਾਣੀ ਭਰਦੇ।

ਗੁਰਬਾਣੀ

38.

ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

39.

ਵਿਸਮਾਦੁ ਧਰਤੀ ਵਿਸਮਾਦੁ ਖਾਣੀ॥

40.

ਵਿਸਮਾਦੁ ਸਾਦਿ ਲਗਹਿ ਪਰਾਣੀ॥

ਅਨੁਵਾਦ

38.

ਕਈ ਤਰ੍ਹਾਂ ਦੀਆਂ ਅੱਗਾਂ ਏਥੇ,
ਜੋ ਖੇਡਾਂ ਖੇਡਣ ਕਈ ਪ੍ਰਕਾਰ।
ਵਿਸਮਾਦੁ ਰੂਪ ਤੱਕ ਤੱਕ ਇਹ ਖੇਡਾਂ,
ਕੁਦਰਤ ਦੇ ਜਾਈਏ ਬਲਹਾਰ,
ਬੜਵਾ, ਜਠਰ, ਦਾਵਾ, ਕੋਪ ਆਦਿ,
ਕਈ ਅੱਗਾਂ ਦਸਦੇ ਵਿਦਵਾਨ।
ਵੱਖ-ਵੱਖ ਨੇ ਕੰਮ ਕਾਰ ਇਹਨਾਂ ਦੇ,
ਤੱਕ ਤੱਕ ਪ੍ਰਾਨੀ ਹੋਣ ਹੈਰਾਨ।

39.

ਇਸ ਧਰਤੀ ਤੇ ਚਾਰ ਖਾਣੀਆਂ,
ਅੰਡ-ਜੇਰ, ਉਤਭਜ, ਸੇਤਜ, ਜਾਣੋ।
ਜੀਵ ਜੰਤ ਇਸ ਜਗ ਦਾ ਹਰ ਕੋਈ,
ਵਿਸਮਾਦੁ ਰੂਪ ਵਿਚ ਪਿਆ ਪਛਾਣੋਂ।

40.

ਪਦਾਰਥਾਂ ਦੇ ਸਵਾਦਾਂ ਵਿਚ ਲਗਿਆ,
ਵੇਖੋ ਇਹ ਸਾਰਾ ਸੰਸਾਰ।
ਹਰ ਹਿਰਦੇ 'ਚੋਂ ਪੈਦਾ ਹੁੰਦਾ,
ਇਹ ਵਿਸਮਾਦੀ ਗੂੜ੍ਹਾ ਪਿਆਰ।

ਗੁਰਬਾਣੀ

41.

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥

42.

ਵਿਸਮਾਦੁ ਭੁਖ ਵਿਸਮਾਦੁ ਭੋਗੁ ॥

43.

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥

44.

ਵਿਸਮਾਦੁ ਉਝੜ ਵਿਸਮਾਦੁ ਰਾਹ ॥

ਅਨੁਵਾਦ

41.

ਜੀਵਾਂ ਦਾ ਕਿਤੇ ਮੇਲ ਹੋ ਰਿਹਾ,
ਪੈਂਦਾ ਪਿਆ ਹੈ ਕਿਤੇ ਵਿਛੋੜਾ।
ਵਿਸਮਾਦੁ ਰੂਪ ਦਾ ਕੀ ਕਹਿਣਾ ਹੈ,
ਬਣਦਾ ਹੈ ਕੋਈ ਪਿਆਰ 'ਚ ਜੋੜਾ।

42.

ਕਿਧਰੇ ਭੁੱਖਾ ਤੜਪ ਰਿਹਾ ਕੋਈ,
ਕੋਈ ਰਜਕੇ ਛਕੇ-ਛਕਾਵੇ।
ਵਿਸਮਾਦੁ ਰੂਪ ਵਿਚ ਸਤਿਗੁਰ ਕਹਿੰਦੇ,
ਐ ਪ੍ਰਭ ਤੇਰਾ ਅੰਤ ਨ ਆਵੇ।

43.

ਸਿਫ਼ਤ ਸਲਾਹ ਪ੍ਰਭੂ ਦੀ ਕਿਧਰੇ,
ਹੁੰਦੀ ਪਈ ਹੈ ਨਾਲ ਪਿਆਰੇ।
ਵਿਸਮਾਦੁ ਰੂਪ ਵਿਚ ਪ੍ਰਭ ਦੇ ਪਿਆਰੇ,
ਜਾਂਦੇ ਨੇ ਉਸਦੇ ਬਲਹਾਰੇ।

44.

ਕਿਧਰੇ ਕਈ ਉਲਟੇ ਰਾਹ ਪੈ ਕੇ,
ਉਲਟੀ ਜਗ ਤੇ ਕਾਰ ਕਮਾਉਂਦੇ।
ਕਿਧਰੇ ਕਈ ਸਿੱਧੇ ਚਲਕੇ,
ਵਿਸਮਾਦੁ ਰੂਪ ਬਣੁ ਪ੍ਰਭੂ ਧਿਆਉਂਦੇ।

ਗੁਰਬਾਣੀ

45.

ਵਿਸਾਦੁ ਨੇੜੈ ਵਿਸਮਾਦੁ ਦੂਰਿ ॥

46.

ਵਿਸਮਾਦੁ ਦੇਖੈ ਹਾਜਰਾ ਹਜੂਰਿ ॥

47.

ਵੇਖਿ ਵਿਡਾਣੁ ਰਹਿਆ ਵਿਸਮਾਦੁ ॥

48.

ਨਾਨਕ ਬੁਝਣੁ ਪੂਰੈ ਭਾਗਿ ॥ ਮ:੧ ॥

ਅਨੁਵਾਦ

45.

ਵਿਸਮਾਦੁ ਰੂਪ ਵਿਚ ਕੋਈ ਆਖਦਾ,
ਪ੍ਰਭ ਪ੍ਰੀਤਮ ਦਾ ਨੇੜੇ ਵਾਸਾ।
ਕੋਈ ਕਹਿੰਦਾ ਉਹ ਦੂਰ ਬੜਾ ਹੈ,
ਐਂਵੇਂ ਫੋਕਾ ਦੇਣ ਦਲਾਸਾ।

46.

ਕੋਈ ਕਹੇ ਉਹ ਹਰ ਥਾਂ ਵਿਆਪਕ,
ਹਰ ਇਕ ਦੀ ਉਹ ਕਰੇ ਸੰਭਾਲ।
ਕੋਈ ਕਹੇ ਹੈਰਾਨ ਹਾਂ ਮੈਂ ਤੇ,
ਪੁੱਛਦਾ ਨਹੀਂ ਉਹ ਮੇਰਾ ਹਾਲ।

47.

ਇਸ ਅਸਚਰਜ ਕੌਤਕ ਨੂੰ ਤੱਕ ਕੇ,
ਮੇਰੇ ਮਨ ਹੈਰਾਨੀ ਹੋਈ।
ਉਸ ਪ੍ਰਭ ਦੀਆਂ ਖੇਡਾਂ ਤੋਂ ਜਾਣੂ,
ਵਿਰਲਾ ਹੀ ਹੋਊ ਨੂਰੀ ਕੋਈ।

48.

ਉਸ ਪ੍ਰਭ ਦੀਆਂ ਰਮਜ਼ਾਂ ਤੋਂ ਕੋਈ,
ਨਾਨਕ ਜੀ ਕਹਿੰਦੇ ਹੋਊ ਜਾਣੂ।
ਭਾਗਾਂ ਵਾਲਾ ਪ੍ਰਭੂ ਪਿਆਰਾ,
ਵਿਸਮਾਦੁ ਰੂਪ ਜੋ ਪ੍ਰਭੂ ਪਛਾਣੂ॥

ਗੁਰਬਾਣੀ

49.

ਮ: ॥੧॥ ਕੁਦਰਤਿ ਦਿਸੈ ਕੁਦਰਤਿ ਸੁਣੀਐ,
ਕੁਦਰਤਿ ਭਉ ਸੁਖ ਸਾਰੁ ॥

50.

ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ ॥

51.

ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ ॥

52.

ਕੁਦਰਤਿ ਖਾਣਾ ਪੀਣਾ ਪੈ੍ਨਣੁ
ਕੁਦਰਤਿ ਸਰਬ ਪਿਆਰੁ ॥

ਅਨੁਵਾਦ

49.

ਹੇ ਪ੍ਰਭ! ਜੋ ਕੁਝ ਦਿਸਦਾ, ਜਾਂ ਸੁਣਦਾ,
ਇਹ ਸਭ ਤੇਰੀ ਕੁਦਰਤ ਪਿਆਰੇ।
ਪਿਆਰ, ਮੁਹੱਬਤ ਮੂਲ ਸੁਖਾਂ ਦਾ,
ਤੇਰੀ ਕੁਦਰਤ ਓਟ ਸਹਾਰੇ।

50.

ਪਾਤਾਲਾਂ, ਆਕਾਸ਼ਾਂ ਵਿਚ ਵੀ,
ਤੇਰੀ ਕੁਦਰਤ ਦਾ ਝਲਕਾਰਾ।
ਜੀਵ, ਜੰਤ, ਆਕਾਰ ਇਹ ਜੋ ਵੀ,
ਤੇਰੀ ਕੁਦਰਤ ਦਾ ਪਾਸਾਰਾ।

51.

ਵੇਦ, ਪੁਰਾਣ, ਕਿਤਾਬਾਂ, ਆਦਿਕ,
ਤੇਰੀ ਕੁਦਰਤ ਤੇਰੇ ਵਿਚਾਰ।
ਮੈਂ ਹੈਰਾਨ ਇਹ ਤਕ ਕੇ ਸਾਰੇ,
ਕੁਦਰਤ ਤੇਰੀ ਤੋਂ ਬਲਿਹਾਰ।

52.

ਖਾਣ, ਪੀਣ, ਪਹਿਨਣ ਦੇ ਸਾਰੇ,
ਜੋ ਵੀ ਹਨ ਇਹ ਕਾਰ ਵਿਹਾਰ।
ਇਹ ਸਾਰੀ ਹੈ ਕੁਦਰਤ ਤੇਰੀ,
ਵਰਤ ਰਿਹਾ ਜੋ ਜਗ ਤੇ ਪਿਆਰ।

ਗੁਰਬਾਣੀ

53.

ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨੁ ॥

54.

ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ ॥

55.

ਕੁਦਰਤਿ ਪਾਉਣ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖਾਕੁ ॥

56.

ਸਭ ਤੇਰੀ ਕੁਦਰਤਿ ਤੂੰ ਕਾਦਿਰੁ
ਕਰਤਾ ਪਾਕੀ ਨਾਈ ਪਾਕੁ ॥

ਅਨੁਵਾਦ

53.

ਜਾਤਾਂ, ਜਿਨਸਾਂ ਰੰਗਾਂ ਦੀ ਮਾਇਆ,
ਵਰਤ ਰਹੀ ਤੇਰੀ ਕੁਦਰਤ ਸਾਰੀ।
ਸਭ ਜੀਆਂ ਵਿਚ ਵਰਤ ਰਹੀ ਹੈ,
ਐ ਪ੍ਰਭ! ਤੇਰੀ ਕਲਾ ਨਿਆਰੀ।

54.

ਨੇਕੀਆਂ ਦੇ ਕੰਮ ਹੁੰਦੇ ਕਿਧਰੇ,
ਬਦੀਆਂ ਦੇ ਕਈ ਕਰਦੇ ਕਾਰੇ।
ਕੁਦਰਤਿ ਰਾਹੀਂ ਮਾਨ ਕਈ ਪਾਉਂਦੇ,
ਕਿਤੇ ਹੰਕਾਰੀ ਪ੍ਰਾਨੀ ਭਾਰੇ।

55.

ਪਉਣ, ਪਾਣੀ, ਅੱਗ, ਖਾਕ ਧਰਤੀ ਤੇ,
ਇਹ ਸਾਰੇ ਕੁਦਰਤ ਦਾ ਨੂਰ।
ਇਹ ਸਾਰੇ ਹੀ ਖੇਲ ਤਮਾਸ਼ੇ,
ਖੇਡ ਰਿਹਾ ਪ੍ਰਭ ਆਪ ਹਜ਼ੂਰ।

56.

ਤੇਰੀ ਹੀ ਇਹ ਕਲਾ ਨਿਆਰੀ,
ਤੇਰਾ ਹੀ ਇਹ ਖੇਲ ਨਿਰਾਲਾ।
ਤੂੰ ਹੀ ਇਸ ਕੁਦਰਤਿ ਦਾ ਮਾਲਕ,
ਸੱਚੀ ਸੁੱਚੀ ਸੋਭਾ ਵਾਲਾ।

ਗੁਰਬਾਣੀ

57.

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ
ਤਾਕੋ ਤਾਕੁ ॥੨॥

58.

ਪਉੜੀ ॥
ਆਪੀਨੈ ਭੋਗ ਭੋਗਿ ਕੈ ਹੋਇ
ਭਸਮੜਿ ਭਉਰੁ ਸਿਧਾਇਆ ॥

59.

ਵਡਾ ਹੋਆ ਦੁਨੀਦਾਰੁ ਗਲਿ
ਸੰਗਲੁ ਘਤਿ ਚਲਾਇਆ ॥

60.

ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ ॥

ਅਨੁਵਾਦ

57.

ਹੇ ਨਾਨਕ! ਪ੍ਰਭ ਸਾਰੀ ਕੁਦਰਤ,
ਆਪਣੇ ਹੁਕਮ ਵਿਚ ਆਪ ਚਲਾਉਂਦੇ।
ਹਰ ਇਕ ਦੀ ਸੰਭਾਲ ਉਹ ਕਰਦੇ,
ਸਭ ਨੂੰ ਆਪ ਉਹ ਆਹਰੇ ਲਾਉਂਦੇ।

58.

ਆਪ ਹੀ ਰਬ ਜੀਵ ਰੂਪ ਹੋ ਕੇ,
ਹਰ ਸ਼ੈ ਦੇ ਉਹ ਰਸ ਨੂੰ ਮਾਣੇਂ।
ਫਿਰ ਮਿੱਟੀ ਦੀ ਢੇਰੀ ਬਣ ਜਾਇ,
ਉਡ ਜਾਇ ਭੌਰ ਕੁਦਰਤ ਦੇ ਭਾਣੇਂ।

59.

ਮਰ ਜਾਂਦਾ ਜਦ ਧੰਦੀ ਫਸਿਆ,
ਸੰਗਲ ਗਲ ਪਾ ਤੋਰ ਲਿਆ ਹੈ।
ਜੀਵ ਜਗਤ ਨਹੀਂ ਛਡਣਾ ਚਾਹੁੰਦਾ,
ਤੋਰ ਪ੍ਰਭੂ ਸ਼ਾਹ ਜੋਰ ਲਿਆ ਹੈ।

60.

ਅੱਗੇ ਧਰਮ ਦੇ ਰਾਜ ਦੇ ਦਰ ਜਾ ਕੇ,
ਪ੍ਰਭ ਦੀ ਸਿਫ਼ਤ ਸਲਾਹ ਵਿਚਾਰਨ।
ਕੀਤੇ ਕਰਮਾਂ ਦਾ ਉਹਦਾ ਲੇਖਾ,
ਹਰ ਪ੍ਰਾਨੀ ਦੇ ਤਾਂਈ ਸਮਝਾਵਨ।

ਗੁਰਬਾਣੀ

61.

ਥਾਉ ਨ ਹੋਵੀ ਪਉਦੀਈ ਹੁਣਿ
ਸੁਣੀਐ ਕਿਆ ਰੂਆਇਆ ॥

62.

ਮਨਿ ਅੰਧੈ ਜਨਮੁ ਗਵਾਇਆ ॥੩॥

63.

ਸਲੋਕ ਮ:੧ ॥ ਭੈ ਵਿਚਿ ਪਵਣੁ ਵਹੈ ਸਦਭਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥

64.

ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥

ਅਨੁਵਾਦ

61.

ਮਾਇਆ ਭੋਗਾਂ ਵਿਚ ਫਸੇ ਦੇ ਕਾਰਨ,
ਜੁਤੀਆਂ ਦੀ ਉਹਨੂੰ ਪੈਂਦੀ ਮਾਰ।
ਉਸ ਵੇਲੇ ਉਹਦੀ ਕੋਈ ਨਹੀਂ ਸੁਣਦਾ,
ਸਤਿਗੁਰ ਕਹਿੰਦੇ ਕੂਕ ਪੁਕਾਰ।

62.

ਮੂਰਖ ਮਨ ਮਤੀਏ ਇਸ ਪ੍ਰਾਨੀ,
ਬਿਰਥਾ ਜਨਮ ਗਵਾਇਆ ਹੈ।
ਸਿਫ਼ਤ ਸਲਾਹ ਨ ਪ੍ਰਭ ਦੀ ਕੀਤੀ,
ਲਾਅਨਤ ਖਟਕੇ ਆਇਆ ਹੈ।

63.

ਹਵਾ ਸਦਾ ਹੀ ਰਬ ਦੇ ਡਰ ਵਿਚ,
ਚਲ ਰਹੀ ਹੈ ਸਜਣੋਂ ਸਾਰੇ।
ਡਰ ਵਿਚ ਹੀ ਤੇ ਚਲ ਰਹੇ ਨੇ,
ਲੱਖਾਂ ਦਰਿਆਵਾਂ ਦੇ ਧਾਰੇ।

64.

ਅੱਗ ਜੋ ਸੇਵਾ ਕਰਦੀ ਪਈ ਹੈ,
ਇਹ ਵੀ ਰੱਬ ਦਾ ਭੈ ਹੀ ਜਾਣੋਂ।
ਧਰਤੀ ਭਾਰ ਹੇਠ ਜੋ ਦੱਬੀ,
ਇਹ ਵੀ ਰੱਬ ਦਾ ਖੌਫ਼ ਪਛਾਣੋਂ।

ਗੁਰਬਾਣੀ

65.

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥

66.

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥

67.

ਭੈ ਵਿਚਿ ਸਿਧ ਬੁਧ ਸੁਰਨਾਥ॥
ਭੈ ਵਿਚਿ ਆਡਾਣੇ ਆਕਾਸ॥

68.

ਭੈ ਵਿਚਿ ਜੋਧ ਮਹਾ ਬਲ ਸੂਰ॥
ਭੈ ਵਿਚਿ ਆਵਹਿ ਜਾਵਹਿ ਪੂਰ॥

ਅਨੁਵਾਦ

65.

ਇੰਦਰ ਰਾਜਾ ਵੀ ਰੱਬ ਦੇ ਭੈ ਵਿਚ,
ਫਿਰਦਾ ਪਿਆ ਹੈ ਸਿਰਦੇ ਭਾਰ।
ਧਰਮ ਰਾਜ ਵੀ ਰੱਬ ਤੋਂ ਡਰਦਾ,
ਲਾਉਂਦਾ ਹੈ ਆਪਣਾ ਦਰਬਾਰ।

66.

ਸੂਰਜ, ਚੰਦ ਵੀ ਪ੍ਰਭ ਦੇ ਭੈ ਵਿਚ,
ਚੜ੍ਹਦੇ ਤੇ ਲਹਿੰਦੇ ਨੇ ਭਾਈ।
ਕਰੋੜਾਂ ਕੋਹਾਂ ਦਾ ਪੈਂਡਾ ਕਰਦੇ,
ਚਕਰਾਂ ਵਿਚ ਰਹਿੰਦੇ ਨੇ ਭਾਈ।

67.

ਸਿਧ, ਬੁਧ, ਤੇ ਨਾਥ ਦੇਵਤੇ,
ਰੱਬ ਦੇ ਭੈ ਵਿਚ ਇਹ ਨੇ ਸਾਰੇ।
ਉਪਰ ਜੋ ਆਕਾਸ਼ ਤਣੇਂ ਨੇ,
ਇਹ ਵੀ ਭੈ ਵਿਚ ਹੈਨ ਪਿਆਰੇ।

68.

ਵੱਡੇ ਵੱਡੇ ਬਲ ਵਾਲੇ ਜੋਧੇ,
ਇਹ ਵੀ ਰੱਬ ਜੀ ਤੋਂ ਭੈ ਖਾਵਨ।
ਪੂਰਨ ਪੂਰ ਜਗਤ ਦੇ ਪ੍ਰਾਨੀ,
ਭੈ ਵਿਚ ਜਗ ਤੇ ਆਵਨ ਜਾਵਨ।

ਗੁਰਬਾਣੀ

69.

ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

70.

ਮ: ੧ ॥ ਨਾਨਕ ਨਿਰਭਉ ਨਿਰੰਕਾਰੁ
ਹੋਰਿ ਕੇਤੇ ਰਾਮ ਰਵਾਲ ॥

71.

ਕੇਤੀਆ ਕੰਨ੍ਹ ਕਹਾਣੀਆਂ ਕੇਤੇ ਬੇਦ ਬੀਚਾਰ ॥

72.

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥

ਅਨੁਵਾਦ

69.

ਹਰ ਇਕ ਦੇ ਮਸਤਕ ਤੇ ਲਿਖਿਆ,
ਭੈ ਦਾ ਨਾਮ ਡਾਢਾ ਹੁੰਸਿਆਰਾ।
ਕੇਵਲ ਇਕ ਨਿਰੰਕਾਰ ਹੀ ਸੱਚਾ,
ਭੈ ਰਹਿਤ ਉਹ ਨੂਰੀ ਪਿਆਰਾ।

70.

ਹੇ ਨਾਨਕ ! ਇਕ ਨਿਰੰਕਾਰ ਹੀ ਹੈ ਜੋ,
ਭੈ ਰਹਿਤ ਨਿਰਭਉ ਨਿਰੰਕਾਰ।
ਰਾਮ ਜਿਹੇ ਕਈ ਉਸਦੇ ਅੱਗੇ,
ਤੁਛ ਹੀ ਜਾਣੋਂ ਕਈ ਅਵਤਾਰ।

71.

ਕਰਿਸ਼ਨ ਦੀਆਂ ਕਈ ਹੋਰ ਸਾਖੀਆਂ,
ਵੇਦਾਂ ਦੇ ਕਈ ਹੋਰ ਵਿਚਾਰ।
ਨਿਰੰਕਾਰ ਦੇ ਸਾਹਮਣੇ ਇਹ ਵੀ,
ਤੁਛ ਹੀ ਸਮਝੋ ਸਭ ਬੇਕਾਰ।

72.

ਨਿਰੰਕਾਰ ਦੇ ਜਾਨਣ ਲਈ ਕਈ,
ਮੰਗਤੇ ਬਣ ਕਈ ਨਚਣ ਗਾਣ।
ਕਈ ਤਰ੍ਹਾਂ ਦੇ ਤਾਲ ਪੂਰਦੇ,
ਜਗ ਉੱਤੇ ਮੂਰਖ ਅਣਜਾਣ।

ਗੁਰਬਾਣੀ

73.

ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥

74.

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥

75.

ਲਖ ਟਕਿਆ ਕੇ ਮੁੰਦੜੇ ਲਖ
ਟਕਿਆ ਕੇ ਹਾਰ॥

76.

ਜਿਤੁ ਤਨਿ ਪਾਈਅਹਿ ਨਾਨਕਾ
ਸੇ ਤਨ ਹੋਵਹਿ ਛਾਰ॥

ਅਨੁਵਾਦ

73.

ਰਾਸ ਧਾਰੀਏ ਬਾਜ਼ਾਰਾਂ ਅੰਦਰ,
ਕਈ ਤਰ੍ਹਾਂ ਆ ਰਾਸਾਂ ਪਾਉਂਦੇ।
ਫਿਰ ਵੀ ਉਹ ਨਿਰੰਕਾਰ ਪ੍ਰਭੂ ਦੀ,
ਉੱਕਾ ਹੀ ਕੋਈ ਥਹੁ ਨਹੀਂ ਪਾਉਂਦੇ।

74.

ਰਾਜੇ, ਰਾਣੀਆਂ ਰੂਪ ਧਾਰ ਕਈ,
ਡੂੰਘੇ ਬੋਲ ਕਈ ਪਏ ਪੁਕਾਰਨ।
ਐਸੇ ਬੋਲ ਕਈ ਚਾਲਾਂ ਵਾਲੇ,
ਬੋਲ ਬੋਲ ਕੇ ਟਾਹਰਾਂ ਮਾਰਨ।

75.

ਸੋਹਣੇ ਸੋਹਣੇ ਕੰਨੀ ਮੁੰਦਰੇ,
ਲਖ ਰੁਪੈਆਂ ਦੇ ਪਾ ਗਲ ਹਾਰ।
ਤਨ ਤੇ ਹੋਰ ਕੀਮਤੀ ਗਹਿਣੇ,
ਪਾ ਪਾ ਕੇ ਕਈ ਲਾਉਣ ਸ਼ਿੰਗਾਰ।

76.

ਜਿਸ ਤਨ ਤੇ ਇਹ ਪਾ ਕੇ ਗਹਿਣੇ,
ਕਰਦਾ ਆਪਣਾ ਰੂਪ ਸੁਹਾਣਾਂ।
ਨਾਨਕ ਆਖਣ ਇਸ ਤਨ ਆਖ਼ਰ,
ਅੰਤ ਨੂੰ ਸੱਜਣਾ ਖਾਕ ਹੋ ਜਾਣਾ।

ਗੁਰਬਾਣੀ

77.

ਗਿਆਨੁ ਨ ਗਲੀਈ ਢੂਢੀਐ
ਕਥਨਾ ਕਰੜਾ ਸਾਰੁ ॥

78.

ਕਰਮਿ ਮਿਲੈ ਤਾ ਪਾਈਐ ਹੋਰ
ਹਿਕਮਤਿ ਹੁਕਮੁ ਖੁਆਰੁ ॥੨॥

79.

ਪਉੜੀ ਚੌਥੀ
ਨਦਰਿ ਕਰਹਿ ਜੇ ਆਪਣੀ
ਤਾ ਨਦਰੀ ਸਤਿਗੁਰੁ ਪਾਇਆ ॥

80.

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ
ਸਤਿਗੁਰਿ ਸਬਦੁ ਸੁਣਾਇਆ ॥

ਅਨੁਵਾਦ

77.

ਗਿਆਨ ਇਹ ਗਲਾਂ ਨਾਲ ਨਹੀਂ ਮਿਲਦਾ,
ਗਿਆਨ ਦਾ ਮਿਲਣਾ ਬੜਾ ਮੁਹਾਲ।
ਲੋਹੇ ਵਾਂਗਰ ਗਿਆਨ ਸਖ਼ਤ ਹੈ,
ਗਿਆਨ ਮਿਲੈ ਪ੍ਰਭ ਬਖਸ਼ਸ਼ ਨਾਲ।

78.

ਪ੍ਰਭ ਦੀ ਬਖਸ਼ਿਸ਼ ਮੇਹਰ ਦੇ ਸਦਕੇ,
ਮਿਲਦੀ ਹੈ ਇਹ ਪਿਆਰੇ ਦਾਤ।
ਚਾਰਾ ਕੋਈ ਹਿਕਮਤ ਚਤਰਾਈ,
ਹੋਰ ਵਿਅਰਥ ਹੈ ਹਰ ਇਕ ਬਾਤ।

79.

ਨਜ਼ਰ ਆਪਣੀ ਦੀ ਮੇਹਰ ਕਰੇ ਜੇ,
ਆਪਣੇ ਜੀਵਾਂ ਤੇ ਪ੍ਰਭ ਪਿਆਰੇ।
ਸਤਿਗੁਰ ਪੂਰਾ ਮਿਲ ਸਕਦਾ ਹੈ,
ਮੇਹਰ ਉਹਦੀ ਦੀ ਨਜ਼ਰ ਸਹਾਰੇ।

80.

ਇਹ ਜੀਵ ਜਦ ਕਈ ਜਨਮਾਂ ਵਿਚ,
ਭਟਕ ਭਟਕ ਇਸ ਜਨਮ 'ਚ ਆਇਆ।
ਮੇਹਰ ਹੋਈ ਪ੍ਰਭ ਦੀ ਤਾਂ ਸਤਿਗੁਰ,
ਆਪਣਾ ਸੋਹਣਾ ਸ਼ਬਦ ਸੁਣਾਇਆ।

ਗੁਰਬਾਣੀ

81.

ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ
ਸੁਣਿਅਹੁ ਲੋਕ ਸਬਾਇਆ॥

82.

ਸਤਿਗੁਰਿ ਮਿਲਿਐ ਸਚੁ ਪਾਇਆ॥
ਜਿਨ੍ਹੀ ਵਿਚਹੁ ਆਪੁ ਗਵਾਇਆ॥

83.

ਜਿਨਿ ਸਚੋ ਸਚੁ ਬੁਝਾਇਆ॥੪॥

ਅਨੁਵਾਦ

81.

ਹੇ ਦੁਨੀਆਂ ਦੇ ਸਾਰੇ ਲੋਕੋ,
ਧਿਆਨ ਦੇ ਨਾਲ ਇਹ ਸੁਣੋਂ ਬਈ ਸਾਰੇ।
ਸਤਿਗੁਰ ਜਿਹਾ ਕੋਈ ਦਾਤਾ ਨਹੀਂ ਹੈ,
ਕਹਿ ਨ ਸਕੇ ਕੋਈ ਉਸਦੇ ਬਾਰੇ।

82.

ਜਿਹਨਾਂ ਨੇ ਆਪਣੇ ਅੰਦਰੋਂ ਪਿਆਰੇ,
ਆਪਾ ਭਾਵ ਗਵਾਇਆ ਭਾਈ।
ਉਹਨਾਂ ਹੀ ਸਤਿਗੁਰ ਮਿਲਣ ਦੇ ਸਦਕੇ,
ਸੱਚੇ ਪ੍ਰਭ ਦੀ ਸੋਝੀ ਪਾਈ।

83.

ਸਤਿਗੁਰ ਸੱਚਾ ਥਿਰ ਰਹਿਣਾ ਹੈ,
ਜਾਣ ਲਿਆ ਜਿਸ ਨੇ ਉਹ ਪਿਆਰਾ।
ਸੂਝ, ਸਮਤ, ਪ੍ਰਭੂ ਨੂੰ ਪਾ ਕੇ,
ਪ੍ਰਭੂ ਰੂਪ ਉਹ ਹੋ ਜਾਏ ਸਾਰਾ।

ਗੁਰਬਾਣੀ

84.

ਸਲੋਕ ਮ:੧ ॥

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥

ਗਹਣੇ ਪਉਣ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥

ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥

ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧ ॥

ਅਨੁਵਾਦ

ਵਿਸਤਾਰ ਸਹਿਤ ਕੁਝ ਅਰਥ-

ਘੜੀਆ-

ਜਿਵੇਂ ਸੰਸਕ੍ਰਿਤ ਵਿਚ ਘਟ ਤੋਂ ਘੜਾ,
ਪੰਜਾਬੀ ਵਿਚ ਹੈ ਜਾਣੋਂ।
ਜਿਵੇਂ ਸੰਸਕ੍ਰਿਤ ਵਿਚ ਕਟਕ ਤੋਂ ਕੜਾ,
ਹੈ ਪੰਜਾਬੀ ਰੂਪ ਪਛਾਣੋਂ।
ਜਿਵੇਂ ਸੰਸਕ੍ਰਿਤ ਵਿਚ ਘਟਨਾ ਤੋਂ,
ਪੰਜਾਬੀ ਵਿਚ ਹੈ ਘੜੀ ਪੁਕਾਰੀ ਜਾਂਦੀ।
ਜੋ (24) ਚੌਵੀ ਮਿੰਟਾਂ ਬਰਾਬਰ ਹੈ,
ਇਹ ਆਪਣਾ ਮੁੱਲ ਪਵਾਂਦੀ।
ਗੋਪੀ- ਗਾਈਆਂ ਦੀ ਰਖਵਾਲੀ ਤਾਂਈ,
ਕਹਿੰਦੇ ਨੇ ਰਾਜਰਾਣੀ।
ਬਿੰਦਰਾ ਬਨ ਦੀਆਂ ਗੁਜਰਾਣੀਆਂ ਤਾਂਈ,
ਗੋਪੀ ਕਹਿਣ ਪੁਰਾਣੀ।
ਕ੍ਰਿਸ਼ਨ ਸੀ ਜਦ ਗੋਕਲ ਰਹਿੰਦੇ,
ਇਹਨਾਂ ਸੰਗ ਖੇਲ ਰਚਾਉਂਦੇ।
ਇਹਨਾਂ ਦੇ ਸੰਗ ਅਠਕੇਲੀਆਂ ਕਰਕੇ,
ਆਪਣਾ ਮਨ ਪਰਚਾਉਂਦੇ।
ਉਂਝ ਇਹਨਾਂ ਦਾ ਜਨਮ ਸੀ ਭਾਵੇਂ,
ਮਥਰਾ ਦੇ ਵਿਚ ਹੋਇਆ।
ਸਤ ਪਵਿਤਰ ਨਗਰੀਆਂ ਵਿਚੋਂ,
ਇਹ ਹੈ ਸੀ ਇਕ ਗੋਇਆ।
ਅਯੁਧਿਆ, ਮਥੁਰਾ, ਗਯਾ, ਕਾਂਸੀ ਕਾਂਚੀ,
ਅਵੰਤਿਕ ਅਤੇ ਪੂਰੀ ਗਰਾਮ।
ਇਹ ਹਨ ਇਹਨਾਂ ਪਵਿੱਤਰ ਨੂਰੀ,
(7) ਸਤ ਨਗਰੀਆਂ ਦੇ ਨਾਮ।

ਪਹਰ - ਸਾਰੇ ਦਿਨ ਦਾ ਅਠਵਾਂ ਹਿੱਸਾ,
ਜੋ ਤਿੰਨ ਘੰਟਿਆਂ ਵਾਲਾ।
ਹਰ ਇਕ ਇਸ ਤੋਂ ਜਾਣੂ ਪ੍ਰਾਨੀ,
ਮਸ਼ਹੂਰ ਇਹ ਕਿਉਂਕਿ ਬਾਹਲਾ।

ਕੰਨ੍ਹ - ਸੰਸਕ੍ਰਿਤ ਸ਼ਬਦ ਇਹ ਕ੍ਰਿਸ਼ਨ ਜੀ,
ਦਾ ਪ੍ਰਾਕ੍ਰਿਤ ਰੂਪ ਹੈ ਪਿਆਰੇ।
ਸੂਝਵਾਨ ਹੀ ਜਾਨਣ ਅਕਸਰ,
ਏਸ ਬਾਤ ਨੂੰ ਸਾਰੇ।

ਗੋਪਾਲ - ਇਹ ਨਾਮ ਵੀ ਕ੍ਰਿਸ਼ਨ ਜੀ ਦਾ,
ਪਰਚਲਤ ਹੈ ਜਗ ਤੇ ਸਾਰੇ।
ਇਸ ਨੂੰ ਵੀ ਕਹਿੰਦੇ ਨੇ ਅਕਸਰ,
ਕ੍ਰਿਸ਼ਨ ਦੇ ਭਗਤ ਪਿਆਰੇ।

ਬੈਸੰਤਰ - ਬੈਸੰਤਰ ਹੈ ਅੱਗ ਤਾਂਈ ਕਹਿੰਦੇ,
ਜਾਣੇਂ ਕੁਲ ਲੁਕਾਈ।
ਫਿਰ ਵੀ ਮੈਂ ਇਹਦੇ ਅਰਥਾਂ ਵਾਲੀ,
ਗਾਥਾ ਖੋਹਲ ਸੁਣਾਈ।

ਮੁਸੇ - ਮੁਸੈ ਹੈ ਠਗੀ ਨੂੰ ਕਹਿੰਦੇ,
ਅਕਸਰ ਹਰ ਕੋਈ ਜਾਣੇ।
ਇਸ ਵਿਚ ਫਸਕੇ ਠਗੇ ਜਾਂਦੇ,
ਵੇਖੇ ਕਈ ਸਿਆਣੇ।

ਵਿਹੂਣੀ - ਵਿਹੂਣੀ ਹੈ ਖਾਲੀ ਨੂੰ ਕਹਿੰਦੇ,
ਜਾ ਸਖਣੀ ਹੈ ਭਾਈ।
ਇਸਦੇ ਵੀ ਅਰਥਾਂ ਵਾਲੀ,
ਤੁਸਾਂ ਨੂੰ ਬਾਤ ਸੁਣਾਈ।

ਅਨੁਵਾਦ

ਘੜੀਆਂ ਸਭੇ ਹੈਨ ਗੋਪੀਆਂ,
ਪਹਿਰ ਸਾਰੇ ਹਨ ਕ੍ਰਿਸ਼ਨ ਗੋਪਾਲ।
ਪਉਣ, ਪਾਣੀ ਤੇ ਅੱਗ ਨੇ ਗਹਿਣੇ,
ਚੰਦ, ਸੂਰਜ ਖੇਡਣ ਇਹਨਾਂ ਨਾਲ।
ਸਾਰੀ ਧਰਤੀ ਮਾਲ ਧਨ ਸਭ,
ਵਰਤ ਵਿਹਾਰ ਸਾਰੇ ਜੰਜਾਲ।
ਗਿਆਨ ਤੋਂ ਸਖਣੇ ਠਗੇ ਜਾ ਰਹੇ,
ਖਾਈ ਜਾਂਦਾ ਸਭ ਨੂੰ ਕਾਲ।

ਏਸ ਸ਼ਬਦ ਦਾ ਹੋਰ ਵਿਸਥਾਰ

ਇਹ ਜਗ ਨਿਰਤਕਾਰੀ ਦੀ ਥਾਂ ਹੈ,
ਇਸ ਦੁਨੀਆਂ ਦਾ ਕੁਲ ਪਾਸਾਰ।
ਸੋਹਣੇਂ ਸੋਹਣੇਂ ਵੇਖ ਪਦਾਰਥ,
ਮੋਹਤ ਹੋ ਰਿਹਾ ਇਹ ਸੰਸਾਰ।
ਰਾਸਧਾਰੀ ਜਿਉਂ ਰਾਸਾਂ ਪਾ ਕੇ,
ਬਣ ਬਣ ਆਉਂਦੇ ਕਈ ਅਵਤਾਰ।
ਗੋਪੀਆਂ ਨਾਲ ਕਈ ਰਾਸ ਰਚਾਕੇ,
ਮਸਤੀ ਵਿਚ ਰਹਿੰਦੇ ਸਰਸ਼ਾਰ।
ਮੋਹ ਮਾਇਆ ਵਿਚ ਭੁਲਿਆ ਪ੍ਰਾਨੀ,
ਵਿਅਰਥ ਰਿਹਾ ਇਉਂ ਸਮਾਂ ਗੁਜਾਰ।
ਅੰਤ ਸਮੇਂ ਇਹ ਮੂਰਖ ਨੂਰੀ,
ਖਾਂਦਾ ਸਖ਼ਤ ਜਮਾਂ ਦੀ ਮਾਰ।

ਗੁਰਬਾਣੀ

85.

ਮ:੧ ॥ ਵਾਇਨਿ ਚੇਲੇ ਨਚਨਿ ਗੁਰ ॥

86.

ਪੈਰ ਹਲਾਇਨਿ ਫੇਰਨ੍ਹਿ ਸਿਰ ॥

87.

ਉਡਿ ਉਡਿ ਰਾਵਾ ਝਾਟੈ ਪਾਇ ॥

88.

ਵੇਖੈ ਲੋਕੁ ਹਸੈ ਘਰਿ ਜਾਇ ॥

ਅਨੁਵਾਦ

85.

ਰਾਸਾਂ ਦੇ ਵਿਚ ਉਹਨਾਂ ਦੇ ਚੇਲੇ,
ਸਾਜਾਂ ਤਾਂਈ ਖ਼ੂਬ ਵਜਾਉਂਦੇ।
ਗੁਰੂ ਉਹਨਾਂ ਦੇ ਨਚਦੇ ਟਪਦੇ,
ਲੋਕਾਂ ਦੇ ਦਿਲ ਨੂੰ ਭਰਮਾਉਂਦੇ।

86.

ਨਚਦੇ ਟਪਦੇ ਪੈਰ ਹਲਾਉਂਦੇ,
ਮਸਤੀ ਵਿਚ ਆ ਸਿਰ ਹਲਾਵਨ।
ਲੋਕਾਂ ਨੂੰ ਖੁਸ਼ ਕਰਨ ਦੀ ਖ਼ਾਤਰ,
ਹਾਸ ਰਸ ਗੀਤਾਂ ਨੂੰ ਗਾਵਨ।

87.

ਪੈਰਾਂ ਨਾਲ ਉਹਨਾਂ ਦਾ ਘੱਟਾ,
ਉਡ ਉਡ ਕੇ ਜੋ ਨੇੜੇ ਆਵੇ।
ਵੇਖਣ ਨੂੰ ਜੋ ਆਏ ਤਮਾਸ਼ੀ,
ਸਿਰੀਂ ਉਹਨਾਂ ਦੇ ਪੈਂਦਾ ਜਾਵੇ।

88.

ਨਚਦੇ ਟਪਦੇ ਵੇਖ ਉਹਨਾਂ ਨੂੰ,
ਲੋਕੀਂ ਆਪਣੇ ਮਨ ਪਰਚਾਉਂਦੇ।
ਖੁਸ਼ੀਆਂ ਦੇ ਵਿਚ ਝੂੰਮਣ ਲਗਦੇ,
ਹਸਦੇ ਹਸਦੇ ਘਰ ਨੂੰ ਆਉਂਦੇ।

ਗੁਰਬਾਣੀ

89.

ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥

90.

ਗਾਵਨਿ ਗੋਪੀਆ ਗਾਵਨਿ ਕਾਨ੍ਹ ॥

91.

ਗਾਵਨਿ ਸੀਤਾ ਰਾਜੇ ਰਾਮ ॥

92.

ਨਿਰਭਉ ਨਿਰੰਕਾਰੁ ਸਚੁ ਨਾਮੁ ॥

ਅਨੁਵਾਦ

89.

ਰਾਸ ਧਾਰੀਏ ਰੋਜ਼ੀ ਖ਼ਾਤਰ,
ਨਚਦੇ ਟਪਦੇ ਪੂਰਨ ਤਾਲ।
ਧਰਤੀ ਉੱਤੇ ਨਚਦੇ ਟਪਦੇ,
ਪੈਰ ਪਟਕਦੇ ਧਰਤੀ ਨਾਲ।

90.

ਗੋਪੀਆਂ ਵਾਲੇ ਸਾਂਗ ਬਣਾ ਕੇ,
ਲੋਕਾਂ ਅੱਗੇ ਨੱਚਦੇ ਗਾਉਂਦੇ।
ਕ੍ਰਿਸ਼ਨ ਵਾਂਗਰਾਂ ਰੂਪ ਧਾਰ ਕੇ,
ਦੁਨੀਆਂ ਦਾ ਉਹ ਮਨ ਪਰਚਾਉਂਦੇ।

91.

ਸੀਤਾ ਵਾਲੀ ਸ਼ਕਲ ਬਣਾ ਕਈ,
ਰਾਮ ਜਿਹੇ ਕਈ ਵੇਸ ਬਣਾਉਂਦੇ।
ਹੋਰ ਕਈ ਰਾਜਿਆਂ ਵਾਲੇ ਵੇਖੋ,
ਭੇਸ ਬਣਾ ਕੇ ਰਾਸਾਂ ਪਾਉਂਦੇ।

92.

ਜਿਸ ਪ੍ਰਭ ਨੇ ਇਹ ਜਗਤ ਸਾਜਿਆ,
ਨਿਰਭਉ ਹੈ ਉਹ ਪ੍ਰਭੂ ਨਿਰੰਕਾਰੀ।
ਸੱਚਾ ਉਸਦਾ ਨਾਮ ਹੈ ਜਾਣੋਂ,
ਅਕਾਰ ਰਹਿਤ ਜਗ ਸਾਜਣਹਾਰੀ।

ਗੁਰਬਾਣੀ

93.

ਜਾ ਕਾ ਕੀਆ ਸਗਲ ਜਹਾਨੁ ॥

94.

ਸੇਵਕ ਸੇਵਹਿ ਕਰਮਿ ਚੜਾਉ ॥

95.

ਭਿੰਨੀ ਰੈਣਿ ਜਿਨ੍ਹਾ ਮਨਿ ਚਾਉ ॥

96.

ਸਿਖੀ ਸਿਖਿਆ ਗੁਰ ਵੀਚਾਰਿ ॥

ਅਨੁਵਾਦ

93.

ਜਿਸ ਨੇ ਸਾਰਾ ਜਗਤ ਬਣਾਇਆ,
ਜਿਸਨੇ ਰਚਿਆ ਕੁਲ ਪਾਸਾਰ।
ਉਸਦੇ ਜਾਈਏ ਸਦ ਬਲਹਾਰੇ,
ਉਹ ਹੀ ਸਭ ਦਾ ਸਿਰਜਨਹਾਰ।

94.

ਉਹ ਹੀ ਸੇਵਕ ਪ੍ਰਭ ਸਿਮਰਨ ਕਰਦੇ,
ਬਖਸ਼ੇ ਜਿਨ੍ਹਾਂ ਨੂੰ ਉਹ ਉਤਸ਼ਾਹ।
ਚੜ੍ਹਿਆ ਉਹਨਾਂ ਨੂੰ ਹਰ ਦਮ ਰਹਿੰਦਾ,
ਚੜ੍ਹਦੀ ਕਲਾ ਦਾ ਨੂਰੀ ਚਾਅ।

95.

ਜੀਵਨ ਰੂਪ ਰਾਤ ਸੁਹਾਣੀ,
ਸੇਵਕ ਉਹ ਸੁੱਖਾਂ ਨਾਲ ਗੁਜਾਰਨ।
ਸਿਮਰਨ ਦਾ ਚਾਅ ਲੂੰ ਲੂੰ ਆਪਣੇ,
ਐਸੇ ਪ੍ਰਾਣੀ ਹਿਰਦੇ ਧਾਰਨ।

96.

ਗੁਰ ਦੀ ਮਤ ਦੇ ਰਾਹੀਂ ਜੀਹਨਾਂ,
ਗੁਰ ਸਿੱਖਾਂ ਨੇ ਇਹ ਮਤ ਧਾਰੀ।
ਉਹ ਹੀ ਸੇਵਕ ਸਿੱਖ ਗੁਰੂ ਦੇ,
ਸਤਿਗੁਰ ਦੇ ਜਾਂਦੇ ਬਲਹਾਰੀ।

ਗੁਰਬਾਣੀ

97.

ਨਦਰੀ ਕਰਮਿ ਲਘਾਏ ਪਾਰਿ ॥

98.

ਕੋਲੂ ਚਰਖਾ ਚਕੀ ਚਕੁ ॥

99.

ਥਲ ਵਾਰੋਲੇ ਬਹੁਤੁ ਅਨੰਤੁ ॥

100.

ਲਾਟੂ ਮਾਧਾਣੀਆ ਅਨਗਾਹ ॥

ਅਨੁਵਾਦ

97.

ਮੇਹਰ ਦੀ ਨਜ਼ਰ ਵਾਲਾ ਪ੍ਰਭ ਪਿਆਰਾ,
ਆਪਣੀ ਬਖਸ਼ਿਸ਼ ਕਰੇ ਆਪਾਰ।
ਇਸ ਬਖਸ਼ਿਸ਼ ਤੇ ਸੇਵਕ ਆਪਣਾ,
ਸੰਸਾਰ ਸਮੁੰਦਰੋਂ ਕਰ ਦਏ ਪਾਰ।

98.

ਕੋਲੂ, ਚਰਖਾ, ਚਕੀ, ਚਕ,
ਇਹਨਾਂ ਬਾਰੇ ਗੁਰ ਫੁਰਮਾਨ।
ਭੌਣ ਵਾਲੇ ਇਹ ਚਾਰੇ ਵਸਤੂ,
ਦਿਨ ਰਾਤ ਇਹ ਭਉਂਦੇ ਜਾਨ।

99.

ਥਲਾਂ ਦੇ ਵਿਚ ਕਈ ਵਾ-ਵਰੋਲੇ,
ਇਹ ਵੀ ਭਉਂਦੇ ਰਹਿੰਦੇ ਭਾਈ।
ਇਹਨਾਂ ਲਈ ਵੀ ਸਤਿਗੁਰ ਪਿਆਰੇ,
ਸਾਨੂੰ ਪਿਆਰੀ ਬਾਤ ਸੁਣਾਈ।

100.

ਲਾਟੂ ਮਧਾਣੀਆਂ ਤੇ ਅੰਨਗਾਹੁਣ ਵਾਲੇ ਜੋ,
ਫਲ੍ਹੇ ਉਹਨਾਂ ਨੂੰ ਪਿਆਰੇ ਜਾਣੋਂ।
ਉਹਨਾਂ ਬਾਰੇ ਜੋ ਸਤਿਗੁਰ ਕਹਿੰਦੇ,
ਉਹਨਾਂ ਦੀ ਤੁਸੀਂ ਰਮਜ਼ ਪਛਾਣੋ।

ਗੁਰਬਾਣੀ

101.

ਪੰਖੀ ਭਉਦੀਆ ਲੈਨਿ ਨ ਸਾਹ ॥

102.

ਸੂਐ ਚਾੜਿ ਭਵਾਈਅਹਿ ਜੰਤ ॥

103.

ਨਾਨਕ ਭਉਦਿਆ ਗਣਤ ਨ ਅੰਤ ॥

104.

ਬੰਧਨ ਬੰਧਿ ਭਵਾਏ ਸੋਇ ॥

ਅਨੁਵਾਦ

101.

ਪੰਛੀ ਵੀ ਅਸਮਾਨੀ ਭਉਂਦੇ,
ਸਾਬਤ ਰਖਦੇ ਨੇ ਉਤਸ਼ਾਹ।
ਸਾਰਾ ਦਿਨ ਉਹ ਭਉਂਦੇ ਭਉਂਦੇ,
ਲੈਂਦੇ ਕਦੇ ਨ ਉੱਕਾ ਸਾਹ।

102.

ਸੂਲੀ ਉੱਤੇ ਕਈ ਜੰਤ ਚਾੜ੍ਹ ਕੇ,
ਵੇਖੋ ਕਾਦਰ ਪਿਆ ਭਵਾਵੇ।
ਕਈ ਤਰ੍ਹਾਂ ਦੇ ਜਗਤ ਤਮਾਸ਼ੇ,
ਕੁਦਰਤ ਬੰਦੇ ਤਾਂਈ ਵਿਖਾਵੇ।

103.

ਨਾਨਕ ਸਤਿਗੁਰ ਸਾਨੂੰ ਵੇਖੋ,
ਕਿਤਨੀ ਸੁੰਦਰ ਬਾਤ ਸੁਣਾਵੇ।
ਭੌਣ ਵਾਲੀਆਂ ਸ਼ੈਆਂ ਦਾ ਜਗਤੇ,
ਕੋਈ ਅੰਤ ਸ਼ੁਮਾਰ ਨ ਆਵੇ।

104.

ਏਸ ਤਰ੍ਹਾਂ ਹੀ ਪ੍ਰਭੂ ਜੀਵਾਂ ਨੂੰ,
ਮਾਇਆ ਦੇ ਬੰਧਨ ਹੈ ਪਾਉਂਦਾ।
ਮਾਇਆ ਦੇ ਸੰਗਲਾਂ ਵਿਚ ਬੰਨ ਕੇ,
ਬੰਦੇ ਤਾਂਈ ਖ਼ੂਬ ਭਵਾਉਂਦਾ।

ਗੁਰਬਾਣੀ

105.

ਪਇਐ ਕਿਰਤਿ ਨਚੈ ਸਭੁ ਕੋਇ ॥

106.

ਨਚਿ ਨਚਿ ਹਸਹਿ ਚਲਹਿ ਸੇ ਰੋਇ ॥

107.

ਉਡਿ ਨ ਜਾਹੀ ਸਿਧ ਨ ਹੋਇ ॥

108.

ਨਚਣੁ ਕੁਦਣੁ ਮਨ ਕਾ ਚਾਉ ॥

ਅਨੁਵਾਦ

105.

ਹਰ ਇਕ ਜੀਵ ਜਗਤ ਦਾ ਵੇਖੋ,
ਆਪਣੇ ਕੀਤੇ ਕਰਮਾਂ ਅਨੁਸਾਰ।
ਮਾਇਆ ਖ਼ਾਤਰ ਨੱਚ ਨੱਚ ਵੇਖੋ,
ਹੁੰਦਾ ਪਿਆ ਹੈ ਕਿਵੇਂ ਖੁਆਰ।

106.

ਨਚ ਨਚ ਕੇ ਹਸਦੇ ਨੇ ਜਿਹੜੇ,
ਖੁਸ਼ੀਆ ਪ੍ਰਾਣੀ ਖ਼ੂਬ ਮਚਾਂਦੇ।
ਅੰਤ ਸਮੇਂ ਉਹ ਸਤਿਗੁਰ ਕਹਿੰਦੇ,
ਰੋ ਰੋ ਕੇ ਨੇ ਏਥੋਂ ਜਾਂਦੇ।

107.

ਨਚਣ ਟਪਣ ਨਾਲ ਕਦੇ ਕੋਈ,
ਉੱਚ ਅਵਸਥਾ ਨਹੀਂ ਹੈ ਪਾਂਦਾ।
ਨਾ ਹੀ ਇਸ ਕਾਰਨ ਕੋਈ ਪਿਆਰੇ,
ਸਿਧ ਜਤੀ ਜੋਗੀ ਬਣ ਜਾਂਦਾ।

108.

ਨਚਣਾਂ, ਕੁਦਣਾਂ, ਖੇਲ ਤਮਾਸ਼ੇ,
ਕੇਵਲ ਮਨ ਦਾ ਸ਼ੌਂਕ ਹੈ ਪਿਆਰੇ।
ਇਸ ਦੇ ਨਾਲ ਨਹੀਂ ਉਂਝ ਹੁੰਦੇ,
ਸਫ਼ਲੇ ਜਗ ਤੇ ਕਾਰਜ ਸਾਰੇ।

ਗੁਰਬਾਣੀ

109.

ਨਾਨਕ ਜਿਨ੍ਹ ਮਨਿ ਭਉ ਤਿਨਾ ਮਨਿ ਭਾਉ ॥੨॥

110.

ਪਉੜੀ ॥

ਨਾਉ ਤੇਰਾ ਨਿਰੰਕਾਰ ਹੈ

ਨਾਇ ਲਇਐ ਨਰਕਿ ਨ ਜਾਈਐ ॥

111.

ਜੀਉ ਪਿੰਡੁ ਸਭੁ ਤਿਸਦਾ ਦੇ

ਖਾਜੈ ਆਖਿ ਗਵਾਈਐ ॥

112.

ਜੇ ਲੋੜਹਿ ਚੰਗਾ ਆਪਣਾ

ਕਰਿ ਪੁੰਨਹੁ ਨੀਚੁ ਸਦਾਈਐ ॥

ਅਨੁਵਾਦ

109.

ਨਾਨਕ ਕਹਿਣ ਜਿਹਨਾਂ ਦੇ ਮਨ ਵਿਚ,
ਕੇਵਲ ਪ੍ਰਭ ਦਾ ਡਰ ਹੈ ਭਾਈ।
ਨਚਣਾਂ, ਕੁਦਣਾਂ, ਹੱਸਣਾ ਆਦਿਕ,
ਉਹਨਾਂ ਦਾ ਹੈ ਨੂਰੀ ਸੁਖਦਾਈ।

110.

ਨਾਮ ਤੇਰਾ ਨਿਰੰਕਾਰ ਹੈ ਪ੍ਰਭ ਜੀ,
ਸਿਮਰ ਇਹਨੂੰ ਸੁਖ ਪਾਈਏ।
ਨਾਮ ਤੇਰਾ ਇਹ ਸਿਮਰਨ ਸਦਕੇ,
ਨਰਕ ਕਦੇ ਨ ਜਾਈਏ।

111.

ਜਿੰਦ ਸਰੀਰ ਤੇਰਾ ਹੀ ਸਭ ਕੁੱਝ,
ਤੇਰਾ ਦਿੱਤਾ ਖਾਈਏ।
ਕਿਤਨਾ ਤੂੰ ਦੇਂਦਾ ਹੈ ਪਿਆਰੇ,
ਵਿਅਰਥ ਅੰਦਾਜ਼ਾ ਲਾਈਏ।

112.

ਹੇ ਜੀਵ! ਤੂੰ ਆਪਣੀ ਜੇਕਰ,
ਭਲਿਆਈ ਚੰਗੀ ਚਾਹਵੇ।
ਚੰਗੇ ਕੰਮ ਕਰ ਆਪਣੇ ਤਾਂਈ,
ਨੀਵਾਂ ਹੀ ਅਖਵਾਵੇ।

ਗੁਰਬਾਣੀ

113.

ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥

114.

ਕੋ ਰਹੈ ਨ ਭਰੀਐ ਪਾਈਐ ॥੫॥

ਅਨੁਵਾਦ

113.

ਜੇ ਕੋਈ ਚਾਹਵੇ ਬੁਢੇਪੇ ਤਾਂਈ,
ਪਿਆਰੇ ਦੂਰ ਨਸਾਉਣਾ।
ਕਈ ਵੇਸ ਬਣਾ ਕੇ ਇਸ ਨੇ,
ਹਰ ਹਾਲਤ ਵਿਚ ਆਉਣਾ।

114.

ਸਵਾਸ ਜਦੋਂ ਇਸ ਪ੍ਰਾਣੀ ਦੇ ਹਨ,
ਪੂਰੇ ਨੇ ਹੋ ਜਾਂਦੇ।
ਇਕ ਪਲ ਵੀ ਇਸ ਦੁਨੀਆਂ ਉੱਤੇ,
ਰਹਿਣਾ ਨਹੀਂ ਉਹ ਪਾਂਦੇ।

ਗੁਰਬਾਣੀ

115.

ਸਲੋਕ ਮ:੧ ॥
ਮੁਸਲਮਾਨਾ ਸਿਫਤਿ ਸਰੀਅਤਿ
ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ
ਵੇਖਣ ਕਉ ਦੀਦਾਰੁ ॥

ਅਨੁਵਾਦ

115.

ਸ਼ਰਹ ਦੀ ਸੋਭਾ ਵਡਿਆਈ,
ਮੁਸਲਮਾਨਾਂ ਦੇ ਤਾਂਈ ਭਾਵੇ।
ਸ਼ਰਹ ਨੂੰ ਪੜ੍ਹ ਪੜ੍ਹ ਉਹ ਵਿਚਾਰਨ,
ਹਰ ਇਕ ਪ੍ਰਾਣੀ ਸ਼ਰਹ ਵਿਚ ਆਵੇ।
ਰੱਬ ਦੇ ਦਰਸ਼ ਦੀਦਾਰ ਦੀ ਖ਼ਾਤਰ,
ਸ਼ਰਹ ਦੀ ਜੋ ਬੰਦਸ਼ ਵਿਚ ਆਉਂਦੇ।
ਉਹ ਹੀ ਰੱਬ ਦੇ ਚੰਗੇ ਬੰਦੇ,
ਸ਼ਰਹ ਮੁਤਾਬਿਕ ਨੇ ਫ਼ੁਰਮਾਉਂਦੇ।
ਨੋਟ - ਗੁਰਬਾਣੀ ਦੇ ਵਿਦਵਾਨ ਪ੍ਰਾਣੀ,
ਏਸ ਬਾਤ ਨੂੰ ਅਕਸਰ ਜਾਨਣ।
ਸਤਿਗੁਰ ਕਿਸੇ ਇਕ ਜਾਂ ਮਤਾਂ ਦੇ ਬਾਰੇ,
ਆਪਣੇ ਜਦੋਂ ਵਿਚਾਰ ਬਿਆਨਣ।
ਪਹਿਲਾਂ ਉਹ ਉਹਨਾਂ ਮਤਾਂ ਦੇ ਬਾਰੇ,
ਉਹਨਾਂ ਦੇ ਦੱਸੇ ਦੱਸਣ ਵਿਚਾਰ।
ਫਿਰ ਉਹਨਾਂ ਤੋਂ ਪਿੱਛੋਂ ਸਤਿਗੁਰ,
ਆਪਣੇ ਖਿਆਲਾਂ ਦਾ ਕਰਦੇ ਇਜ਼ਹਾਰ।
ਏਸ ਸਲੋਕ ਦੀਆਂ ਦੋ ਦੋ ਤੁਕਾਂ ਦੇ,
ਅਰਥਾਂ ਵੱਲ ਜੇ ਦੇਈਏ ਧਿਆਨ।
ਹਿੰਦੂ ਮਤ, ਜੋਗ ਮਤ, ਇਸਲਾਮ ਆਦਿ ਬਾਰੇ,
ਗੁਰੂ ਸਾਹਿਬ ਕਰਦੇ ਵਖਿਆਨ।
ਇਹਨਾਂ ਸਭਨਾਂ ਦਾ ਜ਼ਿਕਰ ਕਰਨ ਦੇ ਪਿੱਛੇ,
ਸਤਿਗੁਰ ਦਸਦੇ ਫਿਰ ਆਪਣੇ ਖਿਆਲ।
ਗੁਰਬਾਣੀ ਦੇ ਪ੍ਰੇਮੀਆਂ ਨੂੰ ਚਾਹੀਦਾ,
ਬਾਣੀ ਪੜ੍ਹਨ ਅਰਥਾਂ ਦੇ ਨਾਲ।

ਗੁਰਬਾਣੀ

116.

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥

117.

ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥

118.

ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ ॥

119.

ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥

ਅਨੁਵਾਦ

116.

ਹਿੰਦੂ ਸ਼ਾਸਤਰਾ ਦੁਆਰਾ ਅਕਸਰ,
ਸੁੰਦਰ ਰੂਪ ਨੇ ਪ੍ਰਭੂ ਸਲਾਹੁੰਦੇ।
ਪਾਰ ਬ੍ਰਹਮ ਬੇਅੰਤ ਹਰੀ ਦੀ,
ਹਰ ਵੇਲੇ ਉਹ ਸੋਭਾ ਗਾਉਂਦੇ।

117.

ਚੰਦਨ ਆਦਿ ਪਦਾਰਥਾਂ ਤਾਂਈ,
ਮੂਰਤੀਆਂ ਦੀ ਭੇਟ ਚੜ੍ਹਾਉਂਦੇ।
ਮਨ ਅੰਦਰ ਸਤਿਕਾਰ ਧਾਰ ਕੇ,
ਹਰ ਤੀਰਥ ਤੇ ਜਾ ਕੇ ਨਹਾਉਂਦੇ।

118.

ਜੋਗੀ ਲੋਕ ਸਮਾਧੀ ਲਾ ਕੇ,
ਹਰ ਦਮ ਇਕ ਅਕਾਲ ਧਿਆਉਂਦੇ।
ਅਲੇਕ ਅਲੱਖ ਦਾ ਨਾਮ ਉਚਾਰ ਕੇ,
ਉਸ ਪ੍ਰਭ ਦੀ ਨੇ ਸੋਭਾ ਗਾਉਂਦੇ।

119.

ਸੂਖਮ ਸਰੂਪ ਵਾਲਾ ਉਹ ਪ੍ਰਭੂ ਹੈ,
ਮਾਇਆ ਸੰਗ ਉਸ ਮੋਹ ਨਹੀਂ ਪਾਇਆ।
ਇਸ ਜਗ ਦਾ ਆਕਾਰ ਇਹ ਸਾਰਾ,
ਉਸ ਪ੍ਰਭ ਦੀ ਹੀ ਜਾਣੋ ਕਾਇਆ।

ਗੁਰਬਾਣੀ

120.

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥

121.

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥

122.

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥

123.

ਇਕਿ ਹੋਦਾ ਖਾਇ ਚਲਹਿ ਐਥਾਊ
ਤਿਨਾ ਭਿ ਕਾਈ ਕਾਰ॥

ਅਨੁਵਾਦ

120.

ਜੋ ਪ੍ਰਾਣੀ ਦਾਨੀ ਹਨ ਜਗ ਤੇ,
ਲੋੜਵੰਦਾਂ ਨੂੰ ਦੇਂਦੇ ਦਾਨ।
ਦੇ ਕੇ ਦਾਨ ਉਹ ਅਕਸਰ ਵੇਖੇ,
ਮਨ ਆਪਣੇ ਵਿਚ ਖ਼ੁਸ਼ੀ ਮਨਾਣ।

121.

ਦੇ ਕੇ ਦਾਨ ਉਹ ਪ੍ਰਭ ਦੇ ਪਾਸੋਂ,
ਹਜ਼ਾਰਾਂ ਗੁਣਾਂ ਨੇ ਮੰਗਦੇ ਭਾਈ।
ਜਗ ਵਿਚ ਉਹਨਾਂ ਦਾਨੀਆਂ ਦੀ ਹੈ,
ਜਗ ਸਾਰਾ ਕਰਦਾ ਵਡਿਆਈ।

122.

ਦੂਜੇ ਪਾਸੇ ਚੋਰ ਬਥੇਰੇ,
ਝੂਠੇ ਭੈੜੇ ਪਰ ਇਸਤ੍ਰੀ ਗਾਮੀ।
ਇਹਨਾਂ ਦੀਆਂ ਕਰਤੂਤਾਂ ਤਕ ਕੇ,
ਲੋਕ ਉਹਨਾਂ ਨੂੰ ਕਹਿਣ ਹਰਾਮੀ।

123.

ਪਿਛਲੀ ਕੀਤੀ ਹੋਈ ਕਮਾਈ,
ਕਈ ਏਥੇ ਆਣ ਮੁਕਾ ਜਾਂਦੇ ਨੇ।
ਸੇਵਾ ਦੀ ਕੋਈ ਕਾਰ ਨਹੀਂ ਕਰਦੇ,
ਖਾਲੀ ਰੱਬ ਘਰ ਆ ਜਾਂਦੇ ਨੇ।

ਗੁਰਬਾਣੀ

124.

ਜਲਿ ਥਲਿ ਜੀਆ ਪੁਰੀਆ
ਲੋਆ ਆਕਾਰਾ ਆਕਾਰਾ ॥

125.

ਓਇ ਜਿ ਆਖਹਿ ਸੁ ਤੂੰ ਹੈ
ਜਾਣਹਿ ਤਿਨਾ ਭਿ ਤੇਰੀ ਸਾਰ ॥

126.

ਨਾਨਕ ਭਗਤਾ ਭੁਖ ਸਾਲਾਹਣੁ
ਸਚੁ ਨਾਮੁ ਆਧਾਰੁ ॥

127.

ਸਦਾ ਅਨੰਦਿ ਰਹਹਿ ਦਿਨੁ ਰਾਤੀ
ਗੁਣਵੰਤਿਆ ਪਾ ਛਾਰੁ ॥੨ ॥

ਅਨੁਵਾਦ

124.

ਜਲ ਵਿਚ ਰਹਿੰਦੇ ਜੀਵ ਅਨੇਕਾਂ,
ਧਰਤੀ ਤੇ ਜੋ ਵਸਦੇ ਸਾਰੇ।
ਖੰਡਾ, ਬ੍ਰਹਮੰਡਾ ਵਿਚ ਵਸਦੇ,
ਤੇਰੇ ਹੀ ਪ੍ਰਭ ਹੈਨ ਸਹਾਰੇ।

125.

ਜੋ ਕੁਝ ਵੀ ਉਹ ਕਹਿੰਦੇ ਪਿਆਰੇ,
ਹੇ ਕਰਤਾਰ ਤੂੰ ਸਭ ਹੀ ਜਾਣੇ।
ਤੇਰੇ ਹੀ ਸਭ ਓਟ ਆਸਰੇ,
ਤੂੰ ਹੀ ਸਭ ਦੀ ਰਮਜ਼ ਪਛਾਣੇ।

126.

ਹੇ ਨਾਨਕ! ਪ੍ਰਭ ਭਗਤ ਜਿਨਾਂ ਨੂੰ,
ਤੇਰੀ ਸਿਫ਼ਤ ਸਲਾਹ ਹੈ ਪਿਆਰੀ।
ਅਟਲ ਸੱਚੇ ਤੇਰੇ ਨਾਮ ਦੇ ਉੱਤੇ,
ਸੇਵਕ ਉਹ ਤੇਰੇ ਬਲਹਾਰੀ।

127.

ਦਿਨ ਰਾਤ ਉਹ ਅਨੰਦ 'ਚ ਰਹਿੰਦੇ,
ਐ ਪ੍ਰਭ ਤੇਰੇ ਜੋ ਮੁਸ਼ਤਾਕ।
ਆਪਣੇ ਆਪ ਨੂੰ ਸਦਾ ਸਮਝਦੇ,
ਗੁਣਵਾਨਾਂ ਦੇ ਚਰਨਾਂ ਦੀ ਖਾਕ।

ਗੁਰਬਾਣੀ

128.

ਸਲੋਕ ਮ:੧ ॥
ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥

ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨ ॥

ਅਨੁਵਾਦ

128.

ਮੁਸਲਮਾਨ ਅਕਸਰ ਇਹ ਕਹਿੰਦੇ,
ਕਿ ਮਰਨ ਬਾਅਦ ਜੋ ਸਾੜੇ ਜਾਵਨ।
ਦੋਜਖ ਦੀ ਉਹ ਅੱਗ ਵਿਚ ਸੜਕੇ,
ਹੋਰ ਅਨੇਕਾਂ ਕਸ਼ਟ ਉਠਾਵਨ।
ਨਾਨਕ ਜੀ ਇਸ ਬਾਰੇ ਵੇਖੋ,
ਕਿਨੀ ਸੋਹਣੀ ਬਾਤ ਬਤਾਵਨ।
ਜਿਸ ਥਾਂ ਤੋਂ ਮੁਰਦੇ ਮੁਸਲਮ ਦਬੇ ਜਾਂਦੇ,
ਉਸ ਥਾਂ ਤੇ ਘੁਮਿਆਰ ਜਦ ਆਵਨ।
ਉਸ ਥਾਂ ਤੋਂ ਉਹ ਮਿੱਟੀ ਪੁੱਟ ਕੇ,
ਲੈ ਜਾਂਦੇ ਨੇ ਜਦ ਘੁਮਿਆਰ।
ਭਾਂਡੇ ਇੱਟਾਂ ਆਦਕ ਘੜ ਕੇ,
ਭਾਂਡੇ ਜਦ ਉਹ ਕਰਨ ਤਿਆਰ।
ਭਾਂਡੇ ਇੱਟਾਂ ਪਕਾਉਣ ਦੀ ਖ਼ਾਤਰ,
ਅੱਗ ਬਾਲ ਜਦ ਭੱਠੀ ਪਾਉਂਦੇ।
ਰੋ ਰੋ ਕੇ ਫਿਰ ਦੱਬੇ ਮੁਰਦੇ,
ਸੜਦੇ ਹੋਏ ਭਾਂਡੇ ਕੁਰਲਾਉਂਦੇ।
ਰੋਂਦੀ ਇਸ ਮਿੱਟੀ ਦੇ ਵਿੱਚੋਂ,
ਝੱੜ ਝੱੜ ਡਿਗਦੇ ਨੇ ਅੰਗਿਆਰ।
ਨਾਨਕ ਜੀ ਇਸ ਬਾਰੇ ਦੱਸਦੇ,
ਆਪਣੇ ਸੁੰਦਰ ਇਹ ਵਿਚਾਰ।
ਦੋਜ਼ਖ ਜਾਂ ਮੁਕਤੀ ਦਾ ਇਸ ਵਿਚ,
ਕੋਈ ਵੀ ਸਰੋਕਾਰ ਨਹੀਂ ਹੈ।
ਸਾੜਨ ਜਾਂ ਦਬਣ ਦਾ ਕੋਈ,
ਉਤਮ ਖਾਸ ਵਿਚਾਰ ਨਹੀਂ ਹੈ।
ਜਿਸ ਕਰਤਾਰ ਨੇ ਏਸ ਜਗਤ ਦੀ,
ਮਾਇਆ ਦਾ ਕੀਤਾ ਵਿਸਥਾਰ।
ਉਹ ਹੀ ਅਸਲ ਭੇਦ ਨੂੰ ਜਾਣੇ,
ਜਾਣੀ ਜਾਣ 'ਨੂਰੀ' ਨਿਰੰਕਾਰ।

ਗੁਰਬਾਣੀ

129.

ਪਉੜੀ

ਬਿਨ ਸਤਿਗੁਰ ਕਿਨੈ ਨ ਪਾਇਓ

ਬਿਨੁ ਸਤਿਗੁਰ ਕਿਨੈ ਨ ਪਾਇਆ ॥

130.

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ

ਪਰਗਟੁ ਆਖਿ ਸੁਣਾਇਆ ॥

131.

ਸਤਿਗੁਰ ਮਿਲਿਐ ਸਦਾ ਮੁਕਤੁ ਹੈ

ਜਿਨਿ ਵਿਚਹੁ ਮੋਹੁ ਚੁਕਾਇਆ ॥

132.

ਉਤਮੁ ਏਹੁ ਬੀਚਾਰੁ ਹੈ ਜਿਨਿ

ਸਚੇ ਸਿਉਚਿਤੁ ਲਾਇਆ ॥

ਜਗਜੀਵਨੁ ਦਾਤਾ ਪਾਇਆ ॥੬ ॥

ਅਨੁਵਾਦ

129.

ਜਗ ਜੀਵਨ ਦਾਤਾ, ਕਿਸੇ ਮਨੁੱਖ ਨੇ,
ਸਤਿਗੁਰ ਬਿਨਾਂ ਨਹੀਂ ਪਾਇਆ।
ਸ਼ਰਨ ਪੈਣ ਬਿਨ ਉਸ ਪ੍ਰਭ ਜੀ ਦੀ,
ਕੋਈ ਨ ਉਸਨੂੰ ਭਾਇਆ।

130.

ਸਤਿਗੁਰ ਵਿਚ ਖੁਦ ਪ੍ਰਭ ਦਾ ਵਾਸਾ,
ਸਚੁ ਹੈ ਇਸ ਵਿਚ ਭਾਈ।
ਖੁਲਮ-ਖੁਲਾ ਸਭ ਦੇ ਤਾਂਈ,
ਅਸਾਂ ਇਹ ਬਾਤ ਸੁਣਆਈ।

131.

ਐਸਾ ਗੁਰ ਜਿਸ ਆਪਣੇ ਅੰਦਰੋਂ,
ਮਾਇਆ ਮੋਹ ਮੁਕਾਇਆ ਹੈ।
ਐਸਾ ਸਤਿਗੁਰ ਮਿਲੇ ਜਿਸ ਤਾਂਈ,
ਉਸ ਮੁਕਤ ਪਦਾਰਥ ਪਾਇਆ ਹੈ।

132.

ਹੋਰ ਸਭ ਸਿਆਣਪਾਂ ਨਾਲੋਂ,
ਇਹ ਵਿਚਾਰ ਸੁਹਾਣਾ ਹੈ।
ਆਪਣੇ ਗੁਰ ਨਾਲ ਦਿਲ ਜੋੜਿਆਂ,
ਜਗ ਦਾਤਾ ਮਿਲ ਜਾਣਾ ਹੈ।

ਗੁਰਬਾਣੀ

133.

ਸਲੋਕ ਮ:੧ ॥

ਹਉ ਵਿਚਿ ਆਇਆ ਹਉ ਵਿਚ ਗਇਆ ॥

134.

ਹਉ ਵਿਚ ਜੰਮਿਆ ਹਉ ਵਿਚਿ ਮੁਆ ॥

135.

ਹਉ ਵਿਚਿ ਦਿਤਾ ਹਉ ਵਿਚਿ ਲਇਆ ॥

136.

ਹਉ ਵਿਚਿ ਖਟਿਆ ਹਉ ਵਿਚਿ ਗਇਆ ॥

ਅਨੁਵਾਦ

133.

ਜਿਹੜਾ ਪ੍ਰਾਣੀ ਇਸ ਦੁਨੀਆਂ ਤੇ,
ਹਉਮੈਂ ਧਾਰ ਕੇ ਆਇਆ ਹੈ।
ਹਉਮੈਂ ਵਿਚ ਰੱਬ ਨਾਲੋਂ ਟੁੱਟ ਕੇ,
ਸਮਾਂ ਵਿਅਰਥ ਗਵਾਇਆ ਹੈ।

134.

ਹਉਮੈਂ ਵਿਚ ਹੀ ਪੈਦਾ ਹੋਇਆ,
ਹਉਮੈਂ ਵਿਚ ਹੀ ਮੋਇਆ ਹੈ।
ਹਉਮੈਂ ਵਿਚ ਹੀ ਜਿਸ ਪ੍ਰਾਣੀ ਨੇ,
ਜਨਮ ਵਿਅਰਥਾ ਖੋਇਆ ਹੈ।

135.

ਹਉਮੈਂ ਵਿਚ ਕਿਸੇ ਲੋੜਵੰਦ ਨੂੰ,
ਦੇਂਦਾ ਹੈ ਹਥੋਂ ਕੁਝ ਮਾਲ।
ਹਉਮੈਂ ਵਿਚ ਹੀ ਆਪਣੀ ਲੋੜ ਲਈ,
ਪਾਉਂਦਾ ਹੈ ਕਿਸੇ ਅੱਗੇ ਸਵਾਲ।

136.

ਹਉਮੈਂ ਵਿਚ ਹੀ ਕਦੇ ਆਖਣਾ,
ਮੈਂ ਇਹ ਰਕਮ ਕਮਾਈ ਹੈ।
ਹਉਮੈਂ ਵਿਚ ਹੀ ਕਦੇ ਇਹ ਕਹਿੰਦਾ,
ਮੈਂ ਕੁਝ ਰਕਮ ਘਟਾਈ ਹੈ।

ਗੁਰਬਾਣੀ

137.

ਹਉ ਵਿਚਿ ਸਚਿਆਰੁ ਕੂੜਿਆਰੁ ॥

138.

ਹਉ ਵਿਚਿ ਪਾਪ ਪੁੰਨ ਵੀਚਾਰੁ ॥

139.

ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥

140.

ਹਉ ਵਿਚਿ ਹਸੈ ਹਉ ਵਿਚਿ ਰੋਵੈ ॥

ਅਨੁਵਾਦ

137.

ਮੇਰ ਤੇਰ ਵਾਲੀ ਹੈਂਕੜ ਵਿਚ,
ਬੰਦਾ ਸਮਾਂ ਲੰਘਾਉਂਦਾ ਹੈ।
ਕਦੇ ਸਚਾ ਕਦੇ ਝੂਠਾ ਬਣਕੇ,
ਆਪਣੀ ਹੋਂਦ ਜਤਾਉਂਦਾ ਹੈ।

138.

ਹਉਮੈਂ ਦੇ ਵਿਚ ਫਸਿਆ ਬੰਦਾ,
ਕਰਦਾ ਰਹਿੰਦਾ ਸਦਾ ਵਿਚਾਰ।
ਪਾਪ ਪੁੰਨ ਜੋ ਉਸਨੇ ਕੀਤੇ,
ਗਿਣਦਾ ਰਹਿੰਦਾ ਸਦਾ ਬਾਰਮ-ਬਾਰ।

139.

ਰੱਬ ਤੋਂ ਏਸ ਵਖਰੇਂਵੇ ਕਾਰਨ,
ਹਰ ਦਮ ਏਹੋ ਸੋਚ ਦੁੜਾਵੇ।
ਆਪਣੇ ਆਪ ਨੂੰ ਐਸਾ ਪ੍ਰਾਣੀ,
ਕਦੇ ਨਰਕ ਕਦੇ ਸੁਵਰਗ 'ਚ ਜਾਵੇ।

140.

ਹਉਮੈਂ ਵਿਚ ਪ੍ਰਭ ਵਖਰੇਂਵੇ ਕਾਰਨ,
ਕਦੇ ਹਸੇ ਕਦੇ ਪ੍ਰਾਣੀ ਰੋਵੇ।
ਕਦੇ ਉਹ ਸੁਖੀ ਆਪ ਨੂੰ ਜਾਣੇਂ,
ਕਦੀ ਦੁੱਖਾਂ ਦੀ ਚੱਕੀ ਝੋਵੇ।

ਗੁਰਬਾਣੀ

141.

ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥

142.

ਹਉ ਵਿਚ ਜਾਤੀ ਜਿਨਸੀ ਖੋਵੈ ॥

143.

ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥

144.

ਮੋਖ ਮੁਕਤਿ ਕੀ ਸਾਰ ਨ ਜਾਣਾ ॥

ਅਨੁਵਾਦ

141.

ਰੱਬ ਤੋਂ ਵੱਖਰੀ ਹਸਤੀ ਕਾਰਨ,
ਪਾਪਾਂ ਦੀ ਕਦੇ ਮੈਲ 'ਚ ਭਰਿਆ।
ਆਪਣੀ ਹਉਮੈਂ ਉਦਮ ਸਦਕੇ,
ਕਹੇ ਮੈਂ ਆਪਾ ਸੁਥਰਾ ਕਰਿਆ।

142.

ਇਸ ਵੱਖਰੀ ਹਸਤੀ ਦੇ ਕਾਰਨ,
ਆਪਣੀ ਜਾਤ ਨੂੰ ਉੱਚੀ ਜਾਣੇ।
ਕਦੇ ਉਹ ਹਰ ਇਕ ਪ੍ਰਾਣੀ ਤਾਂਈ,
ਆਪਣਾ ਵਰਗਾ ਪਿਆ ਪਛਾਣੇਂ।

143.

ਜਦੋਂ ਜੀਵ ਆਪਣੀ ਹਸਤੀ ਨੂੰ,
ਪ੍ਰਭੂ ਪਤੀ ਤੋਂ ਵੱਖਰਾ ਜਾਣੂ।
ਕਦੇ ਕੋਈ ਉਹਨੂੰ ਮੂਰਖ ਸਮਝੂ,
ਕਦੇ ਕੋਈ ਸੋਝੀਵਾਨ ਪਛਾਣੂ।

144.

ਭਾਵੇਂ ਕੋਈ ਉਹਨੂੰ ਮੂਰਖ ਆਖੂ,
ਭਾਵੇਂ ਕੋਈ ਸਿਆਣਾ ਜਾਣੂ।
ਐਸਾ ਬੰਦਾ ਸਤਿਗੁਰ ਕਹਿੰਦੇ,
ਮੋਖ ਮੁਕਤ ਨਾ ਮੂਲ ਪਛਾਣੂ।

ਗੁਰਬਾਣੀ

145.

ਹਉ ਵਿਚਿ ਮਾਇਆ ਹਉ ਵਿਚਿ ਛਾਇਆ॥

146.

ਹਉਮੈ ਕਰਿ ਕਰਿ ਜੰਤ ਉਪਾਇਆ॥

147.

ਹਉਮੈ ਬੂਝੈ ਤਾ ਦਰੁ ਸੂਝੈ॥

148.

ਗਿਆਨ ਵਿਹੂਣਾ ਕਥਿ ਕਥਿ ਲੂਝੈ॥

ਅਨੁਵਾਦ

145.

ਹਉ ਵਿਚ ਪਏ ਵਿਛੋੜੇ ਕਾਰਨ,
ਮਾਇਆ ਮਾਇਆ ਸਦਾ ਪੁਕਾਰੇ।
ਮਾਇਆ ਦਾ ਇਹ ਲੋਭੀ ਪ੍ਰਾਣੀ,
ਪ੍ਰਭੂ ਪਤੀ ਦੀ ਪ੍ਰੀਤ ਵਿਸਾਰੇ।

146.

ਹਉਮੈਂ ਕਰ ਕਰ ਜੀਵ ਜੰਤ ਇਹ,
ਸਤਿਗੁਰ ਕਹਿੰਦੇ ਜਗ ਤੇ ਆਏ।
ਹਉਮੈਂ ਦੇ ਹੀ ਰੱਬ ਜੀ ਸਾਰੇ,
ਇਸ ਜਗ ਤੇ ਨੇ ਖੇਲ ਰਚਾਏ।

147.

ਹਉਮੈਂ ਵਾਲੀ ਜਦ ਇਹ ਪ੍ਰਾਣੀ,
ਸਮਝ ਲੈਂਦਾ ਹੈ ਬਾਤ ਦੇ ਬਾਰੇ।
ਤਦ ਇਸ ਨੂੰ ਇਹ ਲਭ ਜਾਂਦਾ ਹੈ,
ਪ੍ਰਭ ਪ੍ਰੀਤਮ ਦਾ ਦਰ ਹੈ ਪਿਆਰੇ।

148.

ਜਦ ਤੱਕ ਪ੍ਰਾਣੀ ਗਿਆਨ ਤੋਂ ਖਾਲੀ,
ਫੋਕੇ ਗਿਆਨ ਦੀਆਂ ਗੱਲਾਂ ਮਾਰੇ।
ਐਵੇਂ ਸਖਣੀਆਂ ਗੱਲਾਂ ਕਰ ਕਰ,
ਆਪਣੇ ਆਪ ਨੂੰ ਲੂੰਹਦਾ ਪਿਆਰੇ।

ਗੁਰਬਾਣੀ

149.

ਨਾਨਕ ਹੁਕਮੀ ਲਿਖੀਐ ਲੇਖੁ ॥

150.

ਜੇਹਾ ਵੇਖਹਿ ਤੇਹਾ ਵੇਖੁ ॥੧॥

151.

ਮਹਲਾ ੨ ॥

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥

152.

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

ਅਨੁਵਾਦ

149.

ਨਾਨਕ ਕਹਿੰਦੇ ਕਿ ਹਾਕਮ ਪ੍ਰਭ ਨੇ,
ਆਪਣੇ ਲਿਖੇ ਹੁਕਮਾਂ ਅਨੁਸਾਰ।
ਇਹ ਹਉਮੈਂ ਵਾਲਾ ਲੇਖ ਓਸ ਨੇ,
ਲਿਖਿਆ ਹੈ ਪ੍ਰਭੁ ਸਿਰਜਨਹਾਰ।

150.

ਜੀਵ ਜਗਤ ਦੇ ਇਕ ਦੂਜੇ ਨੂੰ,
ਜਿਵੇਂ ਵੇਖੋ ਜਗਾ ਲੈਂਦੇ ਨੇ।
ਉਹੋ ਜਿਹੀ ਹੀ ਆਡਰੀ ਹਸਤੀ,
ਆਪਣੀ ਆਪ ਬਣਾ ਲੈਂਦੇ ਨੇ।

151.

ਰੱਬ ਨਾਲੋਂ ਵੱਖਰਾ ਪਨ ਜੋ,
ਆਪਣੇ ਤਾਂਈ ਬਣਾਈ ਰੱਖਦਾ।
ਹਉਮੈਂ ਦੇ ਉਹ ਗੇੜ ਪਿਆ ਹੋਇਆ,
ਏਹੋ ਕਰਮ ਕਮਾਈ ਰੱਖਦਾ।

152.

ਹਉਮੈਂ ਦੇ ਬੰਧਨ ਵਿਚ ਪੈ ਕੇ,
ਵਖਰੀ ਆਪਣੀ ਹੋਂਦ ਸਹਾਰੇ।
ਫਿਰ ਫਿਰ ਜੂਨੀ ਆਉਂਦੇ ਰਹਿੰਦੇ,
ਜੀਵ ਜਗਤ ਹਉਮੈਂ ਦੇ ਮਾਰੇ।

ਗੁਰਬਾਣੀ

153.

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥

154.

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥

155.

ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ॥

156.

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥

ਅਨੁਵਾਦ

153.

ਹਉਮੈਂ ਦੇ ਵਖਰੇਵੇਂ ਵਾਲਾ,
ਇਹ ਜੀਵਨ ਹੈ ਕਿਥੋਂ ਆਉਂਦਾ।
ਕਿਹੜੇ ਯਤਨਾਂ ਨਾਲ ਹੈ ਪ੍ਰਾਣੀ,
ਇਸ ਤੋਂ ਹੈ ਛੁਟਕਾਰਾ ਪਾਉਂਦਾ।

154.

ਹਉਮੈਂ ਦਾ ਇਹ ਹੁਕਮ ਪ੍ਰਭੂ ਜੀ,
ਜੀਵਾਂ ਨੂੰ ਹੈ ਆਪੇ ਲਾਉਂਦੈ।
ਪਿਛਲੇ ਕੀਤੇ ਕਰਮਾਂ ਕਾਰਨ,
ਪ੍ਰਾਣੀ ਇਸ ਵਿਚ ਫਿਰਦੈ ਭਾਉਂਦੈ।

155.

ਹਉਮੈਂ ਦਾ ਇਹ ਰੋਗ ਵੱਡਾ ਹੈ,
ਸਤਿਗੁਰ ਕਹਿਣ ਪਿਆਰੇ।
ਦਾਰੂ ਵੀ ਇਸ ਵਿਚ ਏਸ ਰੋਗ ਦਾ,
ਜਾਣੋਂ ਬਾਤ ਇਹ ਸਾਰੇ।

156.

ਮੇਹਰ ਕਰੇ ਜੇਕਰ ਪ੍ਰਭ ਆਪਣੀ,
ਜੀਵ ਗੁਰੂ ਦੇ ਸ਼ਬਦ ਕਮਾਵਨ।
ਸੰਗਤ ਛੱਡ ਕੁਸੰਗੀਆਂ ਵਾਲੀ,
ਸੋਭਾ 'ਨੂਰੀ' ਪ੍ਰਭ ਦੀ ਗਾਵਨ।

ਗੁਰਬਾਣੀ

157.

ਨਾਨਕ ਕਹੈ ਸੁਣਹੁ ਜਨਹੁ ਇਤੁ
ਸੰਜਮਿ ਦੁਖ ਜਾਹਿ ॥੨॥

158.

ਪਉੜੀ ॥
ਸੇਵ ਕੀਤੀ ਸੰਤੋਖਈ ਜਿਨ੍ਹੀ
ਸਚੋ ਸਚੁ ਧਿਆਇਆ ॥

159.

ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ ॥

160.

ਓਨੀ ਦੁਨੀਆ ਤੋੜੇ ਬੰਧਨਾ
ਅੰਨੁ ਪਾਣੀ ਥੋੜਾ ਖਾਇਆ ॥

ਅਨੁਵਾਦ

157.

ਐ ਦੁਨੀਆਂ ਦੇ ਸੁਣ ਲਉ ਲੋਕੋ,
ਨਾਨਕ ਜੀ ਨੇ ਇੰਝ ਫੁਰਮਾਉਂਦੇ।
ਇਸ ਸੰਜਮ ਦੇ ਕਰਿਆਂ ਭਾਈ,
ਹਉਮੈਂ ਰੋਗ ਸਾਰੇ ਮਿਟ ਜਾਂਦੇ।

158.

ਸੰਤੋਖੀ ਪ੍ਰਾਣੀ ਜੀਵ ਜਗਤ ਦੇ,
ਜੋ ਪ੍ਰਭ ਜੀ ਦਾ ਨਾਮ ਧਿਆਵਨ।
ਅਭਿਨਾਸੀ ਪ੍ਰਭ ਚਿਤ ਵਸਾਕੇ,
ਗੀਤ ਸਦਾ ਹੀ ਉਸ ਦੇ ਗਾਵਨ।

159.

ਮੰਦੇ ਕੰਮਾਂ ਵਲ ਕਦੇ ਵੀ,
ਜੋ ਨਹੀਂ ਆਪਣੇ ਪੈਰ ਵਧਾਦੇ।
ਧਰਮ ਕਰਮ ਤੇ ਨੇਕੀ ਰਾਹੀਂ,
ਜੋ ਚੰਗਾ ਜੀਵਨ ਅਪਣਾਂਦੇ।

160.

ਦੁਨੀਆਂ ਦੇ ਸਭ ਮਾਇਆ ਵਾਲੇ,
ਬੰਧਨ ਸਾਰੇ ਤੋੜ ਮੁਕਾਂਦੇ।
ਸੰਜਮ ਅਤੇ ਸੁਭਾ ਦੇ ਹੁੰਦੇ,
ਥੋੜ੍ਹਾ ਪੀਂਦੇ ਥੋੜ੍ਹਾ ਖਾਂਦੇ।

ਗੁਰਬਾਣੀ

161.

ਤੂੰ ਬਖਸੀਸੀ ਅਗਲਾ ਨਿਤ
ਦੇਵਹਿ ਚੜਹਿ ਸਵਾਇਆ॥

162.

ਵਡਿਆਈ ਵਡਾ ਪਾਇਆ॥੭॥

163.

ਸਲੋਕ ਮਃ॥੧॥
ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥

164.

ਦੀਪਾਂ, ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥

ਅਨੁਵਾਦ

161.

ਹੇ ਪ੍ਰਭੂ! ਤੂੰ ਬਹੁਤ ਬਖਸ਼ਸ਼ਾਂ ਵਾਲਾ,
ਸਭ ਜੀਵਾਂ ਨੂੰ ਬਖਸ਼ੇਂ ਦਾਤਾਂ।
ਆਉਂਦਾ ਅੰਤ ਸ਼ੁਮਾਰ ਨਹੀਂ ਹੈ,
ਬਖਸ਼ੇ ਤੂੰ ਅਨਮੋਲ ਸੁਗਾਤਾਂ।

162.

ਤੇਰੀ ਇਹਨਾਂ ਦਾਤਾਂ ਨੂੰ ਪਾ ਕੇ,
ਕਰਦੇ ਜੋ ਤੇਰੀ ਵਡਿਆਈ।
ਐਸੇ ਹੀ ਸੰਤੋਖੀ ਪੁਰਖਾਂ,
ਦਰਸ਼ ਤੇਰੇ ਦੀ ਰਹਿਮਤ ਪਾਈ।

163.

ਪੁਰਸ਼ਾਂ, ਰੁੱਖਾਂ, ਤੀਰਥਾਂ ਨਦੀਆਂ,
ਬੱਦਲ ਖੇਤ ਆਦਿ ਇਹ ਸਾਰੇ।
ਇਹ ਅਨਮੋਲ, ਅਨਗਿਣਤ ਵਸਤੂਆਂ,
ਸਾਜੀਆਂ ਨੇ ਪ੍ਰਭੂ ਸਾਜਣਹਾਰੇ।

164.

ਸਭ ਦੀਪ ਚੌਦਾਂ ਲੋਕਾਂ ਦਾ,
ਕੀਤਾ ਹੈ ਜੋ ਪ੍ਰਭੂ ਪਾਸਾਰਾ।
ਪ੍ਰਿਥਵੀ ਤੇ ਸਾਗਰ ਵਿਚ ਹਰ ਥਾਂ,
ਰਚਿਆ ਪ੍ਰਭੂ ਇਹ ਕੌਤਕ ਸਾਰਾ।

ਗੁਰਬਾਣੀ

165.

ਅੰਡਜ ਜੇਰਜ ਉਤਭੁਜਾਂ ਖਾਣੀ ਸੇਤ ਜਾਂਹ॥

166.

ਸੋ ਮਿਤ ਜਾਣੈਂ ਨਾਨਕਾ ਸਰਾਂ ਮੇਰਾਂ ਜੰਤਾਹ॥

167.

ਨਾਨਕ ਜੰਤ ਉਪਾਇਕੈ ਸੰਮ੍ਹਾਲੇ ਸਭਨਾਹ॥

168.

ਜਿਨਿ ਕਰਤੈ ਕਰਣਾ ਕੀਆ,
ਚਿੰਤਾ ਭਿ ਕਰਣੀ ਤਾਹ॥

ਅਨੁਵਾਦ

165.

ਅੰਡਿਆਂ ਤੋਂ ਕੁੱਝ ਪੈਦਾ ਕੀਤੇ,
ਕੁੱਝ ਜੇਰਾਂ ਦੇ ਰਾਹੀਂ ਆਏ।
ਕੁੱਝ ਪ੍ਰਿਥਵੀ ਦੇ ਵਿੱਚੋਂ ਉਪਜੇ,
ਕੁੱਝ ਮੁੜਕੇ ਰਾਹੀਂ ਪ੍ਰਗਟਾਏ।

166.

ਪਰਬਤਾਂ ਅਤੇ ਸਰੋਵਰਾਂ ਉਤੇ,
ਜੀਵ ਜੰਤ ਜੋ ਵੀ ਨੇ ਰਹਿੰਦੇ।
ਉਹਨਾਂ ਦੀ ਗਿਣਤੀ ਤੇ ਪਾਲਣਾ,
ਪ੍ਰਭ ਹੀ ਕਰਦੈ ਨਾਨਕ ਕਹਿੰਦੇ।

167.

ਨਾਨਕ ਸਤਿਗੁਰ ਇਸਦੇ ਬਾਰੇ,
ਦਸਦੇ ਆਪਣੇ ਸ਼ੁਭ ਖਿਆਲ।
ਸਭ ਜੀਵ ਪ੍ਰਭ ਪੈਦਾ ਕਰਕੇ,
ਹਰ ਇੱਕ ਦੀ ਉਹ ਕਰੇ ਸੰਭਾਲ।

168.

ਜਿਨ ਕਰਤੇ ਪ੍ਰਪੰਚ ਰਚਾਕੇ,
ਰਚਿਆ ਇਹ ਸਾਰਾ ਸੰਸਾਰ।
ਉਸਨੂੰ ਹੀ ਹੈ ਸਭ ਦੀ ਚਿੰਤਾ,
ਉਹ ਹੀ ਸਭ ਦਾ ਪਾਲਣਹਾਰ।

ਗੁਰਬਾਣੀ

169.

ਸੋ ਕਰਤਾ ਚਿੰਤਾ ਕਰੇ,
ਜਿਨਿ ਉਪਾਇਆ ਜਗੁ।

170.

ਤਿਸੁ ਜੋਹਾਰੀ ਸੁਅਸਤਿ,
ਤਿਸੁ ਤਿਸੁ ਦੀਬਾਣੁ ਅਭਗੁ।

171.

ਨਾਨਕ ਸਚੇ ਨਾਮ ਬਿਨੁ,
ਕਿਆ ਟਿਕਾ ਕਿਆ ਤਗੁ ॥੧॥

172.

ਮ:੧ ॥ ਲੱਖ ਨੇਕੀਆ ਚੰਗਿਆਈਆ,
ਲਖੁ ਪੁੰਨਾ ਪਰਵਾਣੁ ॥

ਅਨੁਵਾਦ

169.

ਉਹ ਹੀ ਪ੍ਰਭ ਹੈ ਚਿੰਤਾ ਕਰਦਾ,
ਜਿਸ ਇਹ ਜਗ ਦੀ ਖੇਲ ਰਚਾਈ।
ਉਹ ਹੀ ਸਭ ਦਾ ਰਾਜ਼ਿਕ ਬਣਕੇ,
ਹਰ ਸ਼ੈ ਸਭ ਨੂੰ ਬਖਸ਼ੇ ਭਾਈ।

170.

ਉਸ ਪ੍ਰਭ ਨੂੰ ਪਰਨਾਮ ਹੈ ਮੇਰਾ,
ਉਸ ਪ੍ਰਭ ਦੀ ਮੈਂ ਸੋਭਾ ਗਾਵਾਂ।
ਸੱਤਸਰੂਪ ਉਹ ਨਾਮ ਰਹਿਤ ਹੈ,
ਉਸ ਤਾਂਈ ਮੈਂ ਦਿਲੋਂ ਧਿਆਵਾਂ।

171.

ਨਾਮ ਸੱਚਾ ਉਹਦਾ ਨਾਨਕ ਕਹਿੰਦੇ,
ਉਸਦੇ ਬਿਨ ਕੋਈ ਹੋਰ ਨ ਜਾਣੋਂ।
ਮੱਥੇ ਟਿਕਾ ਜਨੇਉ ਆਦ ਨੂੰ,
ਇਹ ਸਭ ਫੋਕੇ ਭੇਖ ਪਛਾਣੋਂ।

172.

ਲੱਖ ਨੇਕੀਆਂ ਚੰਗਿਆਈਆਂ ਕਰਕੇ,
ਪ੍ਰਾਨੀ ਪਾ ਲਏ ਜਗ ਤੇ ਮਾਣ।
ਲੱਖਾਂ ਪੁੰਨ ਕਮਾਕੇ ਪ੍ਰਾਨੀ,
ਦੁਨੀਆਂ ਵਿਚ ਹੋ ਜਾਏ ਪਰਵਾਣ।

ਗੁਰਬਾਣੀ

173.

ਲੱਖ ਤਪ ਉਪਰਿ ਤੀਰਥਾਂ,
ਸਹਜ ਜੋਗ ਬੇਬਾਣ।

174.

ਲੱਖ ਸੂਰਤਣ ਸੰਗਰਾਮ ਰਣ,
ਮਹਿ ਛੁਟਹਿ ਪਰਾਣ॥

175.

ਲੱਖ ਸੁਰਤੀ ਲੱਖ ਗਿਆਨ,
ਧਿਆਨ ਪੜੀਅਹਿ ਪਾਠ ਪੁਰਾਣ॥

176.

ਜਿਨਿ ਕਰਤੈ ਕਰਣਾ ਕੀਆ,
ਲਿਖਿਆ ਆਵਣ ਜਾਣੁ॥

ਅਨੁਵਾਦ

173.

ਲੱਖਾਂ ਤਪ ਤੀਰਥੀਂ ਕਰਕੇ,
ਜੇ ਕੋਈ ਆਪਣਾ ਸਮਾਂ ਗੁਜਾਰੇ।
ਬੀਆਬਾਨ ਉਜਾੜ 'ਚ ਬਹਿਕੇ,
ਹਠ ਯੋਗ ਵੀ ਬੇਸ਼ਕ ਧਾਰੇ।

174.

ਲੱਖ ਸੂਰਮਾਂ ਰਣ ਵਿੱਚ ਵੜਕੇ,
ਬਲ ਆਪਣੇ ਦੇ ਜੌਹਰ ਵਿਖਾਵੇ।
ਯੁਧ ਕਰਦਿਆਂ ਕਰਦਿਆਂ ਉਸਦੀ,
ਮੌਤ ਉਸ ਦੀ ਉਸ ਥਾਂ ਆ ਜਾਵੇ।

175.

ਲੱਖਾਂ ਵੇਦਾਂ ਦੀਆਂ ਲੱਖਾਂ ਸੁਰਤੀਆਂ,
ਪੜ੍ਹ ਕੇ ਕੋਈ ਲਾਵੇ ਧਿਆਨ।
ਅਠਾਰਾਂ ਪ੍ਰਾਨ ਵੀ ਪੜ੍ਹ ਕੇ ਭਾਵੇਂ,
ਪ੍ਰਾਪਤ ਕਰ ਲੈ ਗੂੜ ਗਿਆਨ।

176.

ਜਿਸ ਕਰਤੇ ਪਰਪੰਚ ਇਹ ਸਾਰਾ,
ਰਚਿਆ ਹੈ ਪਿਆਰੇ ਇਹ ਜਾਣ।
ਜੰਮਣਾ, ਮਰਣਾ ਆਉਣਾ-ਜਾਣਾ,
ਉਸ ਨੇ ਲਿਖਿਆ ਠੀਕ ਪਛਾਣ।

ਗੁਰਬਾਣੀ

177.

ਨਾਨਕ ਮਤੀ ਮਿਥਿਆ ਕਰਮੁ,
ਸਚਾ ਨੀਸਾਣੁ ॥੨॥

178.

ਪਉੜੀ॥
ਸਚਾ ਸਾਹਿਬ ਏਕ ਤੂੰ ਜਿਨਿ,
ਸਚੋ ਸਚੁ ਵਰਤਾਇਆ॥

179.

ਜਿਸ ਤੂੰ ਦੇਹਿ ਤਿਸੁ ਮਿਲੈ,
ਸਚੁ ਤਾ ਤਿਨ੍ੀ ਸਚ ਕਮਾਇਆ॥

180.

ਸਤਿਗੁਰਿ ਮਿਲਿਐ ਸਚੁ ਪਾਇਆ,
ਜਿਨ ਕੈ ਹਿਰਦੈ ਸਚੁ ਵਸਾਇਆ॥

ਅਨੁਵਾਦ

177.

ਨਾਨਕ ਦਸਦੇ ਮਨ ਬੁਧ ਦਾ,
ਝੂਠਾ ਨਿਸਫਲ ਇਹ ਸਭ ਚਾਰਾ।
ਨਾਮ ਪ੍ਰਭੂ ਦਾ ਸਿਮਰਨ ਹੀ ਇੱਕ,
ਸਚਾ ਤੇਰਾ ਇੱਕ ਸਹਾਰਾ।

178.

ਹੇ ਪ੍ਰਭੂ! ਤੂੰ ਹੀ ਸੱਚਾ ਸਾਹਿਬ,
ਇਕੋ ਪੂਰਨ ਪਿਆਰੇ।
ਜਿਸ ਨੇ ਸੱਚਾ ਨਾਮ ਆਪਣਾ,
ਵਰਤਾਇਆ ਹੈ ਜਗ ਸਾਰੇ।

179.

ਇਹ ਦਾਤ ਜਿਸ ਨੂੰ ਤੂੰ ਦੇਵੇਂ,
ਉਹ ਹੀ ਪ੍ਰਾਨੀ ਪਾਵੇ।
ਸਚ ਨਾਮ ਨੂੰ ਧਾਰ ਕੇ ਹਿਰਦੇ,
ਉਹ ਸ਼ੁਭ ਕਰਮ ਕਮਾਵੇ।

180.

ਸਤਿਗੁਰ ਨੂੰ ਮਿਲ ਉਹਨਾਂ ਗੁਰਮੁਖਾਂ,
ਦੌਲਤ ਸੱਚ ਦੀ ਪਾਈ।
ਆਪਣੇ ਹਿਰਦੇ ਸੱਚ ਨਾਮ ਦੀ,
ਚੇਟਕ ਪਿਆਰੇ ਲਾਈ।

ਗੁਰਬਾਣੀ

181.

ਮੂਰਖ ਸਚੁ ਨ ਜਾਣਨੀ,
ਮਨਮੁਖੀ ਜਨਮੁ ਗਵਾਇਆ॥

182.

ਵਿਚਿ ਦੁਨੀਆਂ ਕਾਹੇ ਆਇਆ॥

183.

ਸਲੋਕ ਮਹਲਾ ੧॥
ਪੜਿ ਪੜਿ ਗਡੀ ਲਦੀਅਹਿ,
ਪੜਿ ਪੜਿ ਭਰੀਅਹਿ ਸਾਥ।

184.

ਪੜਿ ਪੜਿ ਬੇੜੀ ਪਾਈਐ,
ਪੜਿ ਪੜਿ ਗਡੀਅਹਿ ਖਾਤ॥

ਅਨੁਵਾਦ

181.

ਮੂਰਖ ਲੋਕਾਂ ਸੱਚ ਨਾਮ ਪ੍ਰਭ,
ਹਿਰਦੇ ਨਹੀਂ ਵਸਾਇਆ।
ਉਹਨਾਂ ਮਨਮੁਖਾਂ ਜੀਵਨ ਆਪਣਾ,
ਨਿਸਫਲ ਹੀ ਹੈ ਗਵਾਇਆ।

182.

ਐਸਾ ਪ੍ਰਾਨੀ ਇਸ ਦੁਨੀਆਂ,
ਵਿਚ ਕਾਹਤੋਂ ਦਸੋ ਆਇਆ।
ਜੇ ਨ ਆ ਕੇ ਏਥੇ ਉਸ ਨੇ,
ਚਿਤ ਸਿਮਰਨ ਵਿੱਚ ਲਾਇਆ।

183.

ਪੜੀਅਹਿ ਐਨੀਆਂ ਪੁਸਤਕਾਂ,
ਆਏ ਨ ਅੰਤ ਸ਼ੁਮਾਰ।
ਭਰਨ ਜੀਹਨਾਂ ਨਾਲ ਗੱਡੀਆਂ,
ਮਣਾਂ ਮੂੰਹ ਹੋਏ ਭਾਰ।

184.

ਪੜੀਏ ਐਨੀਆਂ ਪੁਸਤਕਾਂ,
ਬੇੜੀ ਭਰੇ ਹਜ਼ੂਰ।
ਪੜੀਏ ਐਨੀਆਂ ਪੁਸਤਕਾਂ,
ਟੋਏ ਜਾਣ ਕਈ ਪੂਰ।

ਗੁਰਬਾਣੀ

185.

ਪੜੀਅਹਿ ਜੇਤੇ ਬਰਸ ਬਰਸ,
ਪੜੀਅਹਿ ਜੇਤੇ ਮਾਸ।

186.

ਪੜੀਅਹਿ ਜੇਤੀ ਆਰਜਾ,
ਪੜੀਅਹਿ ਜੇਤੇ ਸਾਸ।

187.

ਨਾਨਕ ਲੇਖੈ ਇਕ ਗਲ,
ਹੋਰ ਹਉਮੈ ਝਖਣਾਂ ਝਾਖ ॥੨॥

188.

ਮਹਲਾ ੧ ॥
ਲਿਖਿ ਲਿਖਿ ਪੜਿਆ ਤੇਤਾ ਕੜਿਆ ॥

ਅਨੁਵਾਦ

185.

ਪੜੀਏ ਐਨੀਆਂ ਪੁਸਤਕਾਂ,
ਸਾਲ ਬਿਤਾਏ ਜਾਣ।
ਕਈ ਮਹੀਨੇ ਪੜ੍ਹਨ ਵਿੱਚ,
ਖ਼ੂਬ ਲਗਾਏ ਜਾਣ।

186.

ਪੜੀਏ ਸਾਰੀ ਉਮਰ ਹੀ,
ਜਦ ਤਕ ਰਹਿਣ ਸਵਾਸ।
ਫਿਰ ਵੀ ਪੂਰੀ ਹੋਣੀ ਨਹੀਂ,
ਬੰਦਿਆਂ ਤੇਰੀ ਆਸ।

187.

ਨਾਨਕ ਕਹਿੰਦੇ ਇੱਕ ਗੱਲ,
ਲੇਖੇ ਦੀ ਤੂੰ ਜਾਣ।
ਹਉਮੈਂ ਆਪਨੀ ਛੱਡ ਕੇ,
ਪ੍ਰਭ ਦਾ ਧਰੀਂ ਧਿਆਨ।

188.

ਜਿਨ੍ਹਾਂ ਵੀ ਕੋਈ ਲਿਖਣ ਪੜ੍ਹਨ ਦੀ,
ਕਰਦਾ ਹੈ ਜਗ ਆ ਕੇ ਕਾਰ।
ਓਨਾ ਹੀ ਵਧ ਜਾਂਦਾ ਉਸਦਾ,
ਬਹੁਤਾ ਹੀ ਹਉਮੈਂ ਹੰਕਾਰ।

ਗੁਰਬਾਣੀ

189-190

ਬਹੁ ਤੀਰਥ ਭਵਿਆ ਤੇਤੋਲਵਿਆ॥

191.

ਬਹੁ ਭੇਖ ਕੀਆ ਦੇਹੀ ਦੁਖੁ ਦੀਆ॥

192.

ਸਹੁਵੇ ਜੀਆ ਆਪਣਾ ਕਿਆ॥

ਅਨੁਵਾਦ

189.

ਬਹੁਤਿਆਂ ਤੀਰਥਾਂ ਉਤੇ ਜਾ ਜਾ,
ਯਾਤਰਾ ਜੋ ਕਰਤਾ ਹੈ ਪ੍ਰਾਨੀ।
ਹਉਮੈਂ ਵਿੱਚ ਉਹ ਫਿਰੂ ਦਸਦਾ,
ਹਰ ਤੀਰਥ ਦਾ ਮੈਂ ਇਸ਼ਨਾਨੀ।

190.

ਬਹੁਤਿਆਂ ਤੀਰਥਾਂ ਉੱਤੇ ਜਾ ਕੇ,
ਲਾਉਂਦਾ ਹੈ ਜੋ ਬਹੁਤੇ ਫੇਰੇ।
ਕਾਂ ਵਾਂਗ ਕਉਂ ਕਉਂ ਕਰ ਦਸੂ,
ਭਾਗ ਚੰਗੇ ਨੇ ਤੁਸਾਂ ਤੋਂ ਮੇਰੇ।

191.

ਬਹੁਤੇ ਭੇਖ ਪਖੰਡ ਦਿਖਾ ਕੇ,
ਲੋਕਾਂ ਨੂੰ ਜੋ ਤੂੰ ਭਰਮਾਉਨੈ।
ਦੇਹੀ ਨੂੰ ਐਵੇਂ ਦੁੱਖ ਦੇ ਕੇ,
ਆਪਣਾ ਤੂੰ ਹੰਕਾਰ ਵਧਾਉਨੈ।

192.

ਐ ਜੀਵ! ਇਹ ਸਾਰੇ ਕਾਰੇ,
ਤੇਰੇ ਨੇ ਸਜਣਾਂ ਬੇਕਾਰ।
ਜਾਣ ਕੇ ਆਪਣੇ ਕਰਮਾਂ ਦਾ ਫਲ,
ਇਹਨਾਂ ਤਾਂਈ ਸਹੁ ਸਰਕਾਰ।

ਗੁਰਬਾਣੀ

193.

ਅੰਨ ਨ ਖਾਇਆ ਸਾਦੁ ਗਵਾਇਆ॥

194.

ਬਹੁ ਦੁਖੁ ਪਾਇਆ ਦੂਜਾ ਭਾਇਆ॥

195.

ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ॥

196.

ਮੋਨਿ ਵਿਗੂਤਾ ਕਿਉਜਾਗੈ ਗੁਰਬਿਨੁ ਸੂਤਾ॥

ਅਨੁਵਾਦ

193.

ਅੰਨ ਖਾਣਾਂ ਜੋ ਛਡ ਕੇ ਬੰਦਿਆਂ,
ਜਗ ਨੂੰ ਤੂੰ ਪਾਖੰਡ ਵਿਖਾਉਨੈ।
ਐਵੇਂ ਭੇਖ ਦਿਖਾਵਾਂ ਕਰਕੇ,
ਆਪਣੇ ਮੂੰਹ ਦਾ ਸਵਾਦ ਗਵਾਉਨੈ।

194.

ਸਿਮਰਨ ਛਡਕੇ ਦੂਜੇ ਪਾਸੇ,
ਲਾਉਂਦੈ ਹੈ ਜੋ ਆਪਣਾ ਧਿਆਨ।
ਉਹ ਵੀ ਦੁੱਖਾਂ ਦੇ ਵਿਚ ਪੈ ਕੇ,
ਅਉਖਾ ਹੁੰਦਾ ਹੈ ਇਨਸਾਨ।

195.

ਨੰਗਾ ਰਹਿ ਕੇ ਦਿਨ ਰਾਤ ਜੋ,
ਕਰਦਾ ਪਾਖੰਡ ਵਿਖਾਵੇ।
ਠੰਡ ਨਾਲ ਉਹ ਠੁਰ-ਠੁਰ ਕਰਕੇ,
ਜਾਨ ਆਪਣੀ ਦੁੱਖਾਂ ਵਿੱਚ ਪਾਵੇ।

196.

ਮੋਨ ਧਾਰ ਜੋ ਪਿਆ ਕੁਰਾਹੇ,
ਚੁੱਪ ਰਹਿਣ ਦੇ ਦੁੱਖੜੇ ਝਾਗੇ।
ਗੁਰ ਦੀ ਸਿਖਿਆ ਬਿਨਾਂ ਉਹ ਕਿਦਾਂ,
ਮਾਇਆ ਦੀ ਨੀਂਦਰ 'ਚੋਂ ਜਾਗੇ।

ਗੁਰਬਾਣੀ

197.

ਪਗਉਪੇ ਤਾਣਾ ਅਪਣਾ ਕੀਆ ਕਮਾਣਾ॥

198.

ਅਲੁ ਮਲੁਖਾਈ ਸਿਰਿ ਛਾਈ ਪਾਈ॥

199.

ਮੂਰਖਿ ਅੰਧੇ ਪਤਿ ਗਵਾਈ॥

200.

ਵਿਣ ਨਾਵੈ ਕਿਛੁ ਥਾਇ ਨ ਪਾਈ॥

ਅਨੁਵਾਦ

197.

ਨੰਗੇ ਪੈਰੀਂ ਲਟਕ ਜੋ ਪੁੱਠਾ,
ਐਸੇ ਨੇ ਪਾਖੰਡ ਰਚਾਉਂਦੈ।
ਉਹ ਵੀ ਸਤਿਗੁਰ ਨਾਨਕ ਕਹਿੰਦੇ,
ਫਲ ਆਪਣੇ ਕਰਮਾਂ ਦਾ ਪਾਉਂਦੈ।

198.

ਜੂਠੇ ਮਿੱਠੇ ਭੋਜਨ ਭੈੜੇ,
ਜੋ ਪ੍ਰਾਨੀ ਹੈ ਪਿਆਰੇ ਖਾਂਦਾ।
ਉਹ ਵੀ ਸਮਝੋ ਸਵਾਹ ਆਪਣੇ,
ਸਿਰ ਵਿੱਚ ਹੈ ਬੁਕ ਭਰਕੇ ਪਾਂਦਾ।

199.

ਏਹੋ ਜਿਹੀਆਂ ਕਰ ਕਰਤੂਤਾਂ,
ਕੀਤੀ ਨਹੀਂ ਕੋਈ ਚਤੁਰਾਈ।
ਐਸੇ ਮੂਰਖ ਅੰਨੇ ਅਗਿਆਨੀ,
ਸਮਝੋ ਆਪਣੀ ਪਤੁਗਵਾਈ।

200.

ਕੋਈ ਉਦਮ ਉਪਰਾਲਾ ਤੇਰਾ,
ਹੋਣਾਂ ਨਹੀਂ ਹੈ ਸਫ਼ਲਾ ਭਾਈ।
ਨਾਮ ਪ੍ਰਭੂ ਦਾ ਸਿਮਰਨ ਹੀ ਇੱਕ,
ਤੇਰਾ ਹੋਣਾਂ ਸਦਾ ਸਹਾਈ।

ਗੁਰਬਾਣੀ

201.

ਰਹੇ ਬੇ ਬਾਣੀ ਮੜੀ ਮਸਾਣੀ॥

202.

ਅੰਧੁ ਨ ਜਾਣੈਂ ਫਿਰਿ ਪਛੁਤਾਣੀ॥

203.

ਸਤਿਗੁਰੂ ਭੇਟੇ ਸੋ ਸੁਖ ਪਾਏ॥
ਹਰਿ ਕਾ ਨਾਮੁ ਮੰਨਿ ਵਸਾਏ॥

204.

ਨਾਨਕ ਨਦਰਿ ਕਰੇ ਸੋ ਪਾਏ॥

ਅਨੁਵਾਦ

201.

ਬੀਆ ਬਾਨ ਉਜਾੜੀ ਭਾਵੇਂ,
ਬੇਸ਼ਕ ਰਹਿ ਮੜੀਆਂ ਵਿਚਕਾਰ।
ਨਾਮ ਪ੍ਰਭੂ ਦੇ ਸਿਮਰਨ ਹੀ ਇੱਕ,
ਕਰਨਾਂ ਤੈਨੂੰ ਭਵਜਲੋਂ ਪਾਰ।

202.

ਅੰਨਾ, ਅਗਿਆਨੀ ਇਹ ਪ੍ਰਾਨੀ,
ਕਈ ਤਰ੍ਹਾਂ ਪਾਖੰਡ ਰਚਾਉਂਦੈ।
ਕਰਮਾਂ ਦਾ ਫਲ ਭੋਗਣ ਲੱਗਿਆਂ,
ਫੇਰ ਬੜਾ ਪਿਆਰੇ ਪਛਤਾਉਂਦੇ।

203.

ਸਤਿਗੁਰ ਨੂੰ ਜੋ ਮਿਲਕੇ ਪ੍ਰਾਨੀ,
ਪ੍ਰਭੂ ਨਾਮ ਨੂੰ ਚਿਤ ਵਸਾਉਂਦੈ।
ਉਹ ਹੀ ਪ੍ਰਾਨੀ ਇਸ ਦੁਨੀਆਂ ਤੇ,
ਸੁੱਖ ਆਨੰਦੀ ਨੂਰੀ ਪਾਉਂਦੈ।

204.

ਸਤਿਗੁਰ ਨਾਨਕ ਇਹ ਫਰਮਾਉਂਦੇ,
ਮੇਹਰ ਕਰੇ ਜਿਸਤੇ ਦਾਤਾਰ।
ਉਹ ਹੀ ਪ੍ਰਾਨੀ ਮੁਕਤੀ ਪਾਕੇ,
ਪੁਜਦਾ ਹੈ ਪ੍ਰਭੂ ਦੇ ਦਰਬਾਰ।

ਗੁਰਬਾਣੀ

205.

ਆਸ ਅੰਦੇਸੇ ਤੇ ਨਿਹਕੇਵਲੁ ॥
ਹਉਮੈ ਸਬਦਿ ਜਲਾਏ ॥੨॥

206.

ਪਉੜੀ ॥ ਭਗਤ ਤੇਰੈ ਮਨਿ ਭਾਵਦੇ,
ਦਰਿ ਸੋਹਨਿ ਕੀਰਤਿ ਗਾਂਵਦੇ ॥

207.

ਨਾਨਕ ਕਰਮਾ ਬਾਹਰੇ ਦਰਿ ॥
ਢੋਅ ਨ ਲਹਨੀ ਧਾਵਦੇ ॥

208.

ਇਕਿ ਮੂਲ ਨ ਬੁਝਨਿ ਆਪਣਾ ॥
ਅਣਹੋਦਾ ਆਪੁ ਗਣਾਇਦੇ ॥

ਅਨੁਵਾਦ

205.

ਆਸਾਂ, ਫਿਕਰਾਂ ਤੋਂ ਉਹ ਪ੍ਰਾਨੀ,
ਹੋ ਜਾਂਦਾ ਨਿਰਲੇਪ ਹੈ ਭਾਈ।
ਗੁਰੂ ਸ਼ਬਦ ਰਾਹੀਂ ਹੈ ਜਿਸਨੇ,
ਹਉਮੈਂ ਆਪਣੀ ਸਾੜ ਗਵਾਈ।

206.

ਹੇ ਪ੍ਰਭੂ! ਭਗਤ ਤੈਨੂੰ ਉਹ ਪਿਆਰੇ,
ਸੋਭ ਰਹੇ ਜੋ ਤੇਰੇ ਦੁਆਰੇ।
ਸਿਫ਼ਤ ਸਲਾਹ ਤੇਰੀ ਜੋ ਕਰਕੇ,
ਜਾਵਣ ਤੇਰੇ ਸਦ ਬਲਿਹਾਰੇ।

207.

ਭਾਗਹੀਣ ਉਹ ਨਾਨਕ ਕਹਿੰਦੇ,
ਦਰ ਪ੍ਰਭ ਦੇ ਉਹ ਪਾਉਣ ਨ ਢੋਈ।
ਦਰ ਦਰ ਉਹ ਭਟਕਦੇ ਫਿਰਦੇ,
ਪੁਛੇ ਉਹਨਾਂ ਦੀ ਬਾਤ ਨ ਕੋਈ।

208.

ਕਈ ਪੁਰਸ਼ ਮਨਮੁਖ ਨੇ ਐਸੇ,
ਪ੍ਰਭ ਦਾ ਰੂਪ ਨ ਮੂਲ ਪਛਾਨਣ।
ਘਰ ਵਿੱਚ ਬਿਨਾ ਉਹ ਨਾਮ ਪਦਾਰਥ,
ਆਪਣੇਂ ਆਪ ਨੂੰ ਵਡੇ ਜਾਨਣ।

ਗੁਰਬਾਣੀ

209.

ਹਉ ਢਾਢੀ ਕਾ ਨੀਚ ਜਾਤਿ॥
ਹੋਰਿ ਉਤਮ ਜਾਤਿ ਸਦਾਇਦੇ॥

210.

ਤਿੰਨ ਮੰਗਾ ਜਿ ਤੁਝੈ ਧਿਆਇਦੇ॥

211.

ਸਲੋਕ ਮ : ੧ ਕੂੜ ਰਾਜਾ-ਕੂੜ॥
ਪਰਜਾ ਕੁੜ ਸਭੁ ਸੰਸਾਰੁ॥

212.

ਕੂੜ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰ॥

ਅਨੁਵਾਦ

209.

ਨੀਵੀਂ ਜਾਤ ਦਾ ਮੈਂ ਇੱਕ ਢਾਢੀ,
ਸਿਫ਼ਤ ਪ੍ਰਭੂ ਦੀ ਗਾਉਨਾਂ ਵਾਰ।
ਉੱਤਮ ਜਾਤੀ ਦੇ ਕਈ ਸਦਾਉਂਦੇ,
ਹਉਮੈਂ ਰਖਣ ਹਿਰਦੇ ਧਾਰ।

210.

ਹੇ ਪ੍ਰਭੂ! ਜਿਹੜੇ ਤੈਨੂੰ ਸਿਮਰਦੇ,
ਹਰ ਵੇਲੇ ਹੀ ਹਿਰਦੇ ਧਾਰ।
ਮੈਂ ਉਨ੍ਹਾਂ ਦੇ ਦਰਸ ਲੋਚਦਾ,
ਬਣ ਉਨ੍ਹਾਂ ਦਾ ਸੇਵੇਦਾਰ।

211.

ਰਾਜਾ ਵੀ ਝੂਠਾ ਹੈ ਜਾਣੋਂ,
ਪਰਜਾ ਵੀ ਝੂਠੀ ਇਹ ਜਾਣ।
ਦੁਨੀਆਂ ਇਹ ਸਾਰੀ ਹੀ ਝੂਠੀ,
ਏਸ ਬਾਤ ਨੂੰ ਹਿਰਦੇ ਠਾਣ।

212.

ਮਹਿਲ ਮਾੜੀਆਂ ਸਭੇ ਝੂਠੀਆਂ,
ਵਸਣ ਵਾਲੇ ਵੀ ਝੂਠੇ ਸਾਰੇ।
ਕਿਸੇ ਵੀ ਏਥੇ ਥਿਰ ਨਹੀਂ ਰਹਿਣਾਂ,
ਝੂਠੇ ਨੇ ਸਭ ਜਗਤ ਪਸਾਰੇ।

ਗੁਰਬਾਣੀ

213.

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥

214.

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥

215.

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥

216.

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥

ਅਨੁਵਾਦ

213.

ਸੋਨਾ ਵੀ ਜਾਣੋਂ ਇਹ ਝੂਠਾ,
ਚਾਂਦੀ ਵੀ ਝੂਠੀ ਇਹ ਜਾਣ।
ਪਹਿਨਣ ਵਾਲੇ ਵੀ ਸਭ ਝੂਠੇ,
ਚਾਰ ਦਿਨਾਂ ਦੇ ਇਹ ਮਹਿਮਾਨ।

214.

ਤਨ ਵੀ ਝੂਠਾ ਕਪੜੇ ਝੂਠੇ,
ਝੂਠਾ ਸਭ ਦਾ ਰੂਪ ਸੁਹਾਣਾਂ
ਚਾਰ ਦਿਨਾਂ ਦਾ ਇਹ ਲਿਸ਼ਕਾਰਾ,
ਸਭ ਨੇ ਅੰਤ ਖਾਕ ਹੋ ਜਾਣਾਂ

215.

ਮੀਆਂ ਝੂਠਾਂ, ਬੀਬੀ ਝੂਠੀ,
ਇੱਕ ਦੂਜੇ ਦਾ ਪਿਆਰ 'ਚ ਬਹਿਣਾ।
ਝੂਠੇ ਇਹ ਸਭ ਮਰ ਖਪ ਜਾਣੇ,
ਕਿਸੇ ਨਹੀਂ ਸਦਾ ਸਦੀਵੀ ਰਹਿਣਾ।

216.

ਝੂਠੇ ਪੁਰਸ਼ਾਂ ਦਾ ਹੈ ਲੱਗਾ,
ਝੂਠੀਆਂ ਸ਼ੈਆਂ ਸੰਗ ਪਿਆਰ।
ਨਾਮ ਪ੍ਰਭੂ ਦਾ ਸਿਮਰਨ ਕਰਨਾ,
ਭੂਲੀ ਬੈਠਾ ਹੈ ਸੰਸਾਰ।

ਗੁਰਬਾਣੀ

217.

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥

218.

ਕੂੜੁ ਮਿਠਾ ਕੂੜੁ ਮਾਖਿਓ ਕੂੜੁ ਡੋਬੇ ਪੂਰੁ॥

219.

ਨਾਨਕੁ ਵਖਾਣੈਂ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥

220.

ਮ :੧॥

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥

ਅਨੁਵਾਦ

217.

ਨਾਸਵੰਤ ਇਹ ਜਗ ਹੈ ਸਾਰਾ,
ਪਿਆਰ ਕੀਹਦੇ ਨਾਲ ਪਾਈਐ।
ਬਿਨਸਨਹਾਰ ਇਹ ਦੁਨੀਆਂ ਸਾਰੀ,
ਕਿਸ ਨਾਲ ਤੋੜ ਨਿਭਾਹੀਏ।

218.

ਛਲ ਰੂਪ ਇਹ ਜਗਤ ਸੁਹਾਣਾਂ,
ਮਿੱਠਾ ਅਤੇ ਪਿਆਰਾ।
ਇਹ ਛਲੀ ਬਣ ਵੇਖੋ ਸਜਣੋਂ,
ਡੋਬ ਰਿਹਾ ਜਗ ਸਾਰਾ।

219.

ਨਾਨਕ ਸਤਿਗੁਰ ਤੇਰੇ ਅੱਗੇ,
ਹੇ ਪ੍ਰਭ ਸੱਚੇ ਅਰਜ਼ ਗੁਜਾਰੇ।
ਤੂੰ ਹੀ ਇਕ ਸੱਚਾ ਹੈ ਪਿਆਰੇ,
ਝੂਠੇ ਹੋਰ ਛਲਾਵੇ ਸਾਰੇ।

220.

ਸੱਚੇ ਪ੍ਰਭ ਨੂੰ ਤਦ ਹੀ ਬੰਦਾ,
ਪਾ ਸਕਦਾ ਹੈ ਜਗ ਤੇ ਪਿਆਰੇ।
ਸੱਚੇ ਪ੍ਰਭ ਦਾ ਨਾਮ ਜੇ ਸਚਾ,
ਆਪਣੇ ਜੋ ਹਿਰਦੇ ਵਿਚ ਧਾਰੇ।

ਗੁਰਬਾਣੀ

221.

ਕੂੜ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ॥

222.

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰ॥

223.

ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰ॥

224.

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥

ਅਨੁਵਾਦ

221.

ਨਾਮ ਜਪਣ ਦੇ ਸਦਕੇ ਜਾਣੋਂ,
ਝੂਠ ਦੀ ਮੈਲ ਮਨੋਂ ਲਹਿ ਜਾਵੇ।
ਨਾਮ ਪ੍ਰਭੂ ਦਾ ਝੂਠ ਛਡਾ ਕੇ,
ਤਨ ਤਾਂਈ ਨਿਰਮਲ ਸ਼ੁਧ ਬਣਾਵੇ।

222.

ਸਚ ਇਹ ਤਦ ਹੀ ਜਾਣ ਸਕੀਦਾ,
ਐ ਪ੍ਰਾਨੀ ਚੰਗੀ ਪ੍ਰਕਾਰ।
ਸਚੇ ਨਾਮ ਪ੍ਰਭੂ ਵਿੱਚ ਪ੍ਰਾਨੀ,
ਧੁਰ ਅੰਦਰੋਂ ਜੇ ਕਰੇ ਪਿਆਰ।

223.

ਸਤਿਗੁਰ ਤੋਂ ਪ੍ਰਭ ਨਾਮ ਨੂੰ ਸੁਣਕੇ,
ਹਿਰਦੇ ਨੂੰ ਖੇੜਾ ਆ ਜਾਵੇ।
ਬ੍ਰਹਮ ਗਿਆਨ ਜੋ ਦਰ ਮੁਕਤੀ ਦਾ,
ਏਸ ਦਾਤ ਨੂੰ ਗੁਰਮੁਖ ਪਾਵੇ।

224.

ਸਚੇ ਪ੍ਰਭ ਦੀ ਤਦ ਹੀ ਪ੍ਰਾਨੀ,
ਕਰ ਸਕਦੈ ਪਿਆਰੇ ਪਹਿਚਾਣ।
ਸਚੇ ਪ੍ਰਭ ਸੰਗ ਜੁੜਨ ਦੀ ਜੁਗਤੀ,
ਜੇ ਪ੍ਰਾਨੀ ਸਕਦਾ ਹੈ ਜਾਣ।

ਗੁਰਬਾਣੀ

225.

ਧਰਤਿ ਕਾਇਆ ਸਾਧਿ ਕੈ॥
ਵਿਚਿ ਦੇਇ ਕਰਤਾ ਬੀਉ॥

226.

ਸਚੁ ਤਾ ਪਰੁ ਜਾਣੀਐ॥
ਜਾ ਸਿਖ ਸਚੀ ਲੇਇ॥

227.

ਦਇਆ ਜਾਣੈ ਜੀਅ ਕੀ॥
ਕਿਛੁ ਪੁੰਨੁ ਦਾਨੁ ਕਰੇਇ॥

228.

ਸਚੁ ਤਾ ਪਰੁ ਜਾਣੀਐ,॥
ਜਾ ਆਤਮ ਤੀਰਥਿ ਕਰੇ ਨਿਵਾਸੁ॥

ਅਨੁਵਾਦ

225.

ਬੁਧੀ ਰੂਪੀ ਧਰਤ ਸੋਧਕੇ,
ਮਨ ਆਪਣਾਂ ਕਰਕੇ ਸਰਸ਼ਾਰ।
ਪਰਮੇਸ਼ਰ ਦੇ ਨਾਮ ਸੱਚੇ ਨੂੰ,
ਫਿਰ ਇਸ ਵਿੱਚ ਬੀਜੋ ਸਰਕਾਰ।

226.

ਸੱਚੇ ਪ੍ਰਭ ਪ੍ਰੀਤਮ ਨੂੰ ਪਿਆਰੇ,
ਤਦ ਹੀ ਸਕਦਾ ਪ੍ਰਾਨੀ ਜਾਣ।
ਸਚੇ ਗੁਰ ਦੀ ਸਚੀ ਸਿਖਿਆ,
ਜੇ ਪ੍ਰਾਪਤ ਕਰਨਾ ਲੈਂਦੇ ਠਾਣ।

227.

ਦਇਆ ਕਰੇ ਹਰ ਜੀਵ ਜੰਤ ਤੇ,
ਹਰਿ ਇੱਕ ਦੇ ਸੰਗ ਪਿਆਰ ਜਤਾਵੇ।
ਲੋੜ ਵੰਦਾਂ ਨੂੰ ਦਾਨ ਪੁੰਨ ਕਰ,
ਹਰ ਦੁਖੀਏ ਦਾ ਦਰਦ ਵੰਡਾਵੇ।

228.

ਬਾਹਰੀ ਤੀਰਥਾਂ ਤੇ ਜਾ ਜਾ,
ਐਵੇ ਕਰਦਾ ਫਿਰੇ ਵਿਖਾਵੇ।
ਆਤਮ ਰੂਪ ਤੀਰਥ ਤੇ ਵਸਕੇ,
ਪ੍ਰਭੂ ਸੰਗ ਸੁਰਤੀ ਨੂੰ ਲਾਵੇ।

ਗੁਰਬਾਣੀ

229.

ਸਤਿਗੁਰ ਨੂੰ ਪੁਛਕੇ ਬਹਿ ਰਹੈ ਕਰੇ ਨਿਵਾਸੁ॥

230.

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

231.

ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥

232.

ਪਉੜੀ॥ ਦਾਨੁ ਮਹਿੰਡਾ ਤਲੀ ਖਾਕੁ ਜੇ
ਮਿਲੈ ਤ ਮਸਤਕਿ ਲਾਈਐ॥

ਅਨੁਵਾਦ

229.

ਸਤਿਗੁਰ ਜੀ ਦੇ ਸ਼ਬਦ ਮੁਤਾਬਿਕ,
ਪ੍ਰਭ ਪ੍ਰੀਤਮ ਦਾ ਬਣਕੇ ਦਾਸ।
ਧੁਰ ਅੰਤਰ ਤੋਂ ਬਿਰਤੀ ਲਾ ਕੇ ਸਤ,
ਸਤ ਸੰਗਤ ਬਹਿ ਕਰੇ ਨਿਵਾਸ।

230.

ਸਚ ਹੈ ਸਭ ਰੋਗਾਂ ਦਾ ਦਾਰੂ,
ਪਾਪਾਂ ਦੀ ਜੋ ਜੜ੍ਹ ਮਿਟਾਵੇ।
ਸੱਚੇ ਪ੍ਰਭ ਦਾ ਸਿਮਰਨ ਕਰਿਆਂ,
ਮੁਕਤ ਪਦਾਰਥ ਪ੍ਰਾਨੀ ਪਾਵੇ।

231.

ਸਤਿਗੁਰ ਨਾਨਕ ਕਰਨ ਬੇਨਤੀ,
ਸਚ ਨਾਮ ਪ੍ਰਭ ਜੀਹਨਾਂ ਦੇ ਪਾਸ।
ਕਰ ਦੇਂਦਾ ਹੈ ਪ੍ਰਭ ਜੀ ਨੂਰੀ,
ਕਾਰਜ ਸਭ ਉਨ੍ਹਾਂ ਦੇ ਰਾਸ।

232.

ਸੰਤ ਜਨਾਂ ਦੀ ਚਰਨ ਧੂੜ,
ਜੇ ਮਿਲੇ ਤਾਂ ਮੈਂ ਇਹ ਚਾਹਵਾਂ।
ਆਪਣੇ ਆਪ ਨੂੰ ਜਾਣ ਸੁਭਾਗਾ,
ਮਸਤਕਿ ਤੇ ਉਹ ਲਾਵਾਂ।

ਗੁਰਬਾਣੀ

233.

ਕੂੜਾ ਲਾਲਚੁ ਛਡੀਐ ਹੋਇ ॥
ਇੱਕ ਮਨਿ ਅਲਖੁ ਧਿਆਈਐ ॥

234.

ਫਲੁ ਤੇ ਵੇਹੋ ਪਾਈਐ ॥
ਜੇ ਵੇਹੀਕਾਰ ਕਮਾਈਐ ॥

235.

ਜੇ ਹੋਵੈ ਪੂਰਬਿ ਲਿਖਿਆ
ਤਾ ਧੂੜਿ ਤਿਨ੍ਹਾਂ ਦੀ ਪਾਈਐ ॥

236.

ਮਤਿ ਥੋੜੀ ਸੇਵ ਗਵਾਈਐ ॥੧੦॥

ਅਨੁਵਾਦ

233

ਝੂਠੇ ਲਾਲਚ ਮੋਹ ਮਾਇਆ ਦੇ,
ਛੱਡ ਦੇਈਏ ਇਹ ਸਾਰੇ।
ਇੱਕ ਮਨ ਇੱਕ ਇਕਾਗਰ ਹੋ ਕੇ,
ਪ੍ਰਭ ਨੂੰ ਸਿਮਰੀਏ ਪਿਆਰੇ।

234.

ਇਹ ਪ੍ਰਾਨੀ ਜਿਦਾਂ ਦੀ ਆ ਕੇ,
ਪਿਆਰੇ ਕਾਰ ਕਮਾਉਂਦੈ।
ਓਸ ਤਰ੍ਹਾਂ ਦਾ ਹੀ ਸਮਝੋ ਪ੍ਰਾਨੀ,
ਫਲ ਕੀਤੇ ਦਾ ਪਾਉਂਦੈ।

235.

ਪਿਛਲੇ ਕਰਮ ਸ੍ਰੇਸ਼ਟ ਜੇ ਕੋਈ,
ਮਸਤਿਕ ਤੇ ਲਿਖਵਾ ਕੇ ਆਉਂਦੈ।
ਚਰਨ ਧੂੜ ਐਸੇ ਸੰਤਾਂ ਦੀ,
ਉਹ ਹੀ ਹੈ ਵਡਭਾਗਾ ਪਾਉਂਦੈ।

236.

ਅਸੀਂ ਆਪਣੀ ਥੋੜੀ ਮਤ ਉੱਤੇ,
ਕਰੀਏ ਜੇ ਹਉਮੈਂ ਹੰਕਾਰ।
ਸਾਡੀ ਘਾਲ ਕਮਾਈ ਸੇਵਾ,
ਕੀਤੀ ਜਾਂਦੀ ਸਭ ਬੇਕਾਰ।

ਗੁਰਬਾਣੀ

237.

ਸਲੋਕ ਮ :੧ ਸਚਿ ਕਾਲੂ ਕੂੜ ਵਰਤਿਆ
ਕਲਿ ਕਾਲਖ ਬੇਤਾਲ॥

238.

ਬੀਉ ਬੀਜਿ ਪਤਿ ਲੈ ਗਏ॥
ਅਬ ਕਿਉ ਉਗਵੈ ਦਾਲਿ॥

239.

ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥

ਅਨੁਵਾਦ

237.

ਸਚ ਦਾ ਸਮਝੋ ਕਾਲ ਪੈ ਗਿਆ,
ਝੂਠ ਦਾ ਹੀ ਵਰਤਾਰਾ ਹੈ ਹੁਣ।
ਕਲਯੁਗ ਦੀ ਕਾਲਖ ਨੇ ਕੀਤਾ,
ਭੂਤਾਂ ਜਿਹਾ ਜਗ ਸਾਰਾ ਹੈ ਹੁਣ।

238.

ਨਾਮ ਬੀਜ ਦੇ ਬੀਜਣ ਵਾਲੇ,
ਉਹ ਤਾਂ ਪਤ ਬਚਾ ਗਏ ਪ੍ਰਾਨੀ।
ਦੋਚਿਤੀ ਵਿੱਚ ਵਿਚਰਨ ਵਾਲੇ,
ਨਾਮ ਦੋ ਫਾੜ ਕਰਾ ਗਏ ਪ੍ਰਾਨੀ।
ਹੁਣ ਇਹ ਬੀਜ ਦਸੋ ਕਿੰਝ ਉਂਗੇ?
ਦਾਲ ਰੂਪ ਇਹ ਜਦ ਹੈ ਹੋਈ।
ਦੋਚਿਤੇ ਨੂੰ ਕਿਹੜਾ ਪੁਛਦੈ,
ਕਿਤੇ ਵੀ ਉਸ ਨੂੰ ਮਿਲੇ ਨ ਢੋਈ।

239.

ਜੇ ਇੱਕ ਦਾਣਾ ਵੀ ਸਾਬਤ ਹੋਵੇ,
ਫਿਰ ਵੀ ਰੁਤ ਆਪਣੀ ਅਨੁਸਾਰ।
ਸਤਿਗੁਰ ਦੀ ਬਖਿਸ਼ਿਸ਼ ਦੇ ਸਦਕੇ,
ਉਗ ਸਕਦਾ ਉਹ ਵੀ ਸਰਸ਼ਾਰ।

ਗੁਰਬਾਣੀ

240.

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥

241.

ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥

242.

ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥੧॥

243.

ਮ : ੧ ਲਬੁ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰੁ॥

ਅਨੁਵਾਦ

240.

ਨਾਨਕ ਕਹਿਣ ਜਿਉ ਨਵੇਂ ਕਪੜੇ ਤੇ ਜਦ,
ਪੱਕਾ ਰੰਗ ਚੜ੍ਹਾਉਣਾ ਪੈਂਦਾ।
ਤਦ ਉਸ ਨੂੰ ਪਾਹ ਰੰਗ ਦੀ ਦੇ ਕੇ,
ਉਬਲਦੇ ਪਾਣੀ ਪਾਉਣਾ ਪੈਂਦਾ।

241.

ਮਨ ਰੂਪ ਕਪੜੇ ਨੂੰ ਏਦਾਂ,
ਭੈ ਦੀ ਖੁੰਭ ਚੜ੍ਹਾਉਣੀ ਪੈਂਦੀ।
ਖੋਟੇ ਕੰਮਾਂ ਵੱਲੋਂ ਵਰਜ ਕੇ,
ਸਿਮਰਨ ਜਾਚ ਸਿਖਾਉਣੀ ਪੈਂਦੀ।

242.

ਸਤ ਸੰਗ ਰੂਪ ਮਟੀ ਵਿੱਚ ਪਹਿਲਾਂ,
ਨਾਮ ਜਲ ਨੂੰ ਉਸ ਵਿੱਚ ਪਾਈਏ।
ਭਗਤੀ ਰੂਪ ਰੰਗ ਫਿਰ ਪਾ ਕੇ,
ਝੂਠ ਨੂੰ ਉਸ ਤੋਂ ਦੂਰ ਨਸਾਈਏ।

243.

ਖਾਣ ਪੀਣ ਦਾ ਲੋਭ ਹੈ ਰਾਜਾ,
ਪਾਪ ਵਜ਼ੀਰ ਪਟਵਾਰੀ।
ਸਤਿਗੁਰ ਨਾਨਕ ਜੀ ਫਰਮਾਉਂਦੇ,
ਝੂਠ ਦੀ ਚੌਹਧਰ ਭਾਰੀ।

ਗੁਰਬਾਣੀ

244.

ਕਾਮੁ ਨੇਬੁ ਸਤਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥

245.

ਅੰਧੀ ਰਯਤਿ ਗਿਆਨ ਵਿਹੂਣੀ ਭਾਹਿਭਰੇ ਮੁਰਦਾਰੁ ॥

246.

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥

247.

ਉਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥

ਅਨੁਵਾਦ

244.

ਕਾਮ ਦੀ ਏਥੇ ਸਦ ਪੁਛ ਹੈ,
ਉਸ ਦੀਆਂ ਹੈਨ ਬਹਾਰਾਂ।
ਲੋਭੀ, ਪਾਪੀ, ਝੂਠੇ ਏਥੇ,
ਬਹਿ ਬਹਿ ਕਰਨ ਵਿਚਾਰਾਂ

245.

ਗਿਆਨ ਬਿਨਾਂ ਇਹ ਰਯੀਅਤ ਅੰਨੀ,
ਸਾਰ ਨ ਪ੍ਰਭ ਦੀ ਪਾਵਨ।
ਤ੍ਰਿਸ਼ਨਾਂ ਦੀ ਅੱਗ ਰਾਹੀਂ ਪ੍ਰਾਨੀ,
ਝੂਠ ਦੇ ਮੁਰਦੇ ਖਾਵਨ।

246.

ਕਲਜੁਗ ਦੇ ਗਿਆਨੀ ਕਈ ਏਥੇ,
ਨਚਣ ਕੁਦਣ ਗਾਵਣ।
ਸੁੰਦਰ ਰੂਪ ਬਣਾਕੇ ਭੇਖੀ,
ਵਾਜੇ ਖੂਭ ਵਜਾਵਣ।

247.

ਉੱਚੀ ਕਈ ਬੋਲ ਬੋਲਕੇ,
ਝਗੜੇ ਹੋਏ ਸੁਣਾਉਂਦੇ।
ਕਈ ਸੂਰਮਿਆਂ ਜੋਧਿਆਂ ਦੀਆਂ
ਵਾਰਾਂ ਵੀ ਨੇ ਗਾਉਂਦੇ।

ਗੁਰਬਾਣੀ

248.

ਮੂਰਖ ਪੰਡਿਤ ਹਿਕਮਤਿ ਹੁਜਤਿ
ਸੰਜੇ ਕਰਹਿ ਪਿਆਰੁ ॥

249.

ਧਰਮੀ ਧਰਮੁ ਕਰਹਿ ਗਾਵਾਵਹਿ
ਮੰਗਹਿ ਮੋਖ ਦੁਆਰੁ ॥

250.

ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ ॥

251.

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥

ਅਨੁਵਾਦ

248.

ਕਲਜੁਗ ਵਿੱਚ ਕਈ ਵੱਡੇ ਮੂਰਖ,
ਪੰਡਤ ਜਾਣ ਪੁਕਾਰੇ।
ਹੁਜਤੀ ਵੈਦ ਵਡਾ ਅਖਵਾਉਂਦੇ,
ਮਾਇਆ ਦੇ ਸਭ ਪਿਆਰੇ।

249.

ਧਰਮੀ ਪ੍ਰਾਨੀ ਧਰਮ ਤਾਂ ਭਾਵੇ,
ਜਗ ਤੇ ਕਈ ਕਮਾਉਂਦੇ।
ਪਰ ਕਰਕੇ ਮੋਖ ਦੁਆਰ ਦੀ ਇੱਛਾ,
ਆਪਣੀ ਸ਼ਾਨ ਗਵਾਉਂਦੇ।

250.

ਜਤੀ ਬਣਨ ਲਈ ਕਈ ਪ੍ਰਾਨੀ,
ਛੱਡ ਦੇਂਦੇ ਆਪਣੇ ਘਰਬਾਰ।
ਜਤੀ ਹੋਣ ਦੀ ਜੁਗਤ ਨ ਜਾਨਣ,
ਐਵੇਂ ਹੁੰਦੇ ਫਿਰਨ ਖੁਆਰ।

251.

ਹਰ ਕੋਈ ਕਹੇ ਕਿ ਮੈਂ ਹਾਂ ਪੂਰਾ,
ਘਟ ਨ ਕੋਈ ਅਖਵਾਵੇ।
ਪੂਰੇ ਦੀ ਇਸ ਪਰਖ ਦੇ ਬਾਰੇ,
ਸਤਿਗੁਰ ਇਹ ਫੁਰਮਾਵੇ।

ਗੁਰਬਾਣੀ

252.

ਪਤਿ ਪਰਵਾਣਾ ਪਿਛੈ ਪਾਈਐ
ਤਾ ਨਾਨਕ ਤੋਲਿਆ ਜਾਪੈ ॥੨॥

253.

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥

254.

ਸਭਨੀ ਛਾਲਾ ਮਾਰੀਆਂ,
ਕਰਤਾ ਕਰੇ ਸੁ ਹੋਇ॥

ਅਨੁਵਾਦ

252.

ਤਕੜੀ ਵਿੱਚ ਇਕ ਪਾਸੇ ਵਟਾ,
ਪਤੁ ਦਾ ਪਾਇਆ ਜਾਵੇ।
ਦਰਗਾਹ ਵਿੱਚ ਉਸ ਤੇ ਤੁਲ ਪੂਰਾ,
ਮਾਨ ਮਰਤਬਾ ਪਾਵੇ।
ਇੱਜ਼ਤ ਦਾ ਪਾ ਕੇ ਪਰਵਾਨਾ,
ਆਪਣੇ ਆਪ ਨੂੰ ਪ੍ਰਾਣੀ ਤੋਲੇ।
ਇਸ ਤੇ ਪੂਰਾ ਉੱਤਰੇ ਜਿਹੜਾ,
ਉਸਨੂੰ ਪੂਰਾ ਨਾਨਕ ਬੋਲੇ।

253.

ਪ੍ਰਭੂ ਵੱਲੋਂ ਜੋ ਬਾਤ ਮਿਥੀ ਹੈ,
ਪ੍ਰਗਿਟ ਹੋਇ ਹਰ ਹਾਲ ਪਿਆਰੇ।
ਪ੍ਰਭ ਸੱਚਾ ਹੀ ਕਰਦਾ ਹੈ ਉਹ,
ਹਰਿ ਇੱਕ ਦੀ ਸੰਭਾਲ ਪਿਆਰੇ।

254.

ਆਪਣੇ ਆਪ ਤਾਂ ਹਰ ਇੱਕ ਪ੍ਰਾਨੀ,
ਜ਼ੋਰ ਬੜਾ ਹੀ ਲਾਉਂਦਾ ਅਕਸਰ।
ਹੁੰਦਾ ਹੈ ਉਹੋ ਹੀ ਅਕਸਰ,
ਜੋ ਉਸ ਪ੍ਰਭ ਨੂੰ ਭਾਉਂਦਾ ਅਕਸਰ।

ਗੁਰਬਾਣੀ

255.

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥

256.

ਜਿਨਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

257.

ਪਉੜੀ ॥

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ
ਤਾ ਤਿਨੀ ਖਸਮੁ ਧਿਆਇਆ ॥

258.

ਏਨਾ ਜੰਤਾ ਕੈ ਵਸਿ ਕਿਛੁ ਨਾਹੀ
ਤੁਧੁ ਵੇਕੀ ਜਗਤੁ ਉਪਾਇਆ ॥

ਅਨੁਵਾਦ

255.

ਉੱਚੀ ਨੀਵੀਂ ਜਾਤ ਦਾ ਉਥੇ,
ਜ਼ੋਰ ਨਹੀਂ ਚਲਣਾ ਕਾਈ।
ਨਾ ਹੀ ਜੀ ਜੀ ਆਖ ਉਨ੍ਹਾਂ ਦੀ
ਹੋਣੀ ਹੈ ਸੁਣਵਾਈ।

256.

ਕਰਮਾਂ ਦਾ ਜਦੋਂ ਲੇਖਾ ਹੋਣਾ,
ਮਾਨ ਉਨ੍ਹਾਂ ਹੀ ਪਾਉਣਾ।
ਭਲੇ ਕੰਮਾਂ ਵਿੱਚ ਜੀਵਨ ਆਪਣਾ,
ਜੀਹਨਾਂ ਹੈ ਨੂਰੀ ਲਾਉਣਾ।

257.

ਧੁਰ ਤੋਂ ਹੀ ਜੋ ਆਪਣੇ ਮੱਥੇ,
ਸਰੇਸ਼ਟ ਕਰਮ ਲਿਖਾ ਕੇ ਆਉਂਦੇ।
ਉਹ ਹੀ ਪ੍ਰਭੂ ਸਿਮਰਨ ਵਿੱਚ ਆਪਣਾ,
ਹਰ ਦਮ ਪਿਆਰੇ ਧਿਆਨ ਲਗਾਉਂਦੇ।

258.

ਇਹਨਾਂ ਜੀਵਾਂ ਦੇ ਵਸ ਨਹੀਂ ਕੁੱਝ,
ਮਨ ਚਾਹਤ ਕੋਈ ਅਖਤਿਆਰ।
ਕਈ ਤਰ੍ਹਾਂ ਦੇ ਜੀਵ ਸਾਜ ਕੇ,
ਰਚਿਆ ਇਹ ਸਾਰਾ ਸੰਸਾਰ।

ਗੁਰਬਾਣੀ

259.

ਇਕਨਾ ਨੋ ਤੂੰ ਮੇਲਿ ਲੈਹਿ ਇਕਿ
ਆਪਹੁ ਤੁਧੁ ਖੁਆਇਆ ॥

260.

ਗੁਰ ਕਿਰਪਾ ਤੇ ਜਾਣਿਆ ਜਿਥੈ
ਤੁਧੁ ਆਪੁ ਬੁਝਾਇਆ ॥

261.

ਸਹਜੇ ਹੀ ਸਚਿ ਸਮਾਇਆ ॥੧੧॥

262.

ਸਲੋਕੁ ਮ : ॥੧॥
ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ ॥

ਅਨੁਵਾਦ

259

ਕਈ ਜੀਵ ਤੂੰ ਨਾਲ ਮਿਲਾ ਕੇ,
ਆਪਣੇ ਸਿਮਰਨ ਸੇਵਾ ਲਾਵੇਂ।
ਕਈਆਂ ਨੂੰ ਤੂੰ ਦੂਰ ਹਟਾ ਕੇ,
ਉੱਕਾ ਹੀ ਤੂੰ ਮਨੋਂ ਭੁਲਾਵੇਂ।

260.

ਜਿਸ ਵਡਭਾਗੇ ਪ੍ਰਾਨੀ ਨੂੰ ਤੂੰ,
ਆਪਣੇ ਬਾਰੇ ਸੋਝੀ ਪਾਈ।
ਗੁਰ ਕ੍ਰਿਪਾ ਤੋਂ ਉਸ ਪ੍ਰਾਨੀ ਹੀ
ਤੇਰੇ ਨਾਲ ਹੈ ਪ੍ਰੀਤ ਲਗਾਈ।

261.

ਜਿਸ ਪ੍ਰਾਨੀ ਤੇਰੀ ਬਖਸ਼ਿਸ਼ ਕਰਕੇ,
ਮੇਰ ਤੇਰ ਮਿਟਾਉਣ ਦੀ ਠਾਨੀ।
ਸੁਤੇ ਹੀ ਤੇਰੇ ਸੱਚ ਸਰੂਪ 'ਚ
ਅਭੇਦ ਹੋਇਆ ਉਹ ਨੂਰੀ ਪ੍ਰਾਨੀ।

262.

ਪ੍ਰਭ ਕੁਦਰਤ ਦਾ ਸਤਿਗੁਰ ਜੀ ਨੇ,
ਦਸਿਆ ਇਹ ਵਰਤਾਰਾ।
ਦੁੱਖ ਵਿੱਚ ਪ੍ਰਭ ਦਾ ਸਿਮਰਨ ਕਰਕੇ,
ਪ੍ਰਾਨੀ ਹੋਏ ਸੁਖਿਆਰਾ।

ਗੁਰਬਾਣੀ

262.

ਤੂੰ ਕਰਤਾ ਕਰਣਾ ਮੈ ਨਾਹੀ
ਜਾ ਹਉ ਕਰੀ ਨ ਹੋਈ॥

263.

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥੧॥ ਰਹਾਉ॥

264.

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰਿ ਰਹਿਆ॥

265.

ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ॥
ਜਿਨਿ ਕੀਤੀ ਸੋ ਪਾਰਿ ਪਇਆ॥

ਅਨੁਵਾਦ

262

ਤੂੰ ਕਰਤਾ ਸਭ ਕਰਨ ਹਾਰ ਹੈ,
ਕਰੇਂ ਜੋ ਹੁੰਦਾ ਸੋਈ।
ਮੇਰਾ ਉਦਮ ਉਪਰਾਲਾ ਉੱਕਾ,
ਹੋ ਨਹੀਂ ਸਕਦਾ ਕੋਈ।

263.

ਅਸੀਂ ਬਲਹਾਰ ਤੇਰੇ ਪ੍ਰਭ ਸਦਕੇ,
ਕੁਦਰਤ ਵਿੱਚ ਵਸਦੇ ਕਰਤਾਰ।
ਤੇਰੀ ਸ਼ਕਤੀ ਅਤੇ ਗੁਣਾਂ ਦਾ,
ਆ ਸਕਦਾ ਨਹੀਂ ਪਾਰਵਾਰ।

264.

ਹਰ ਇੱਕ ਵਿੱਚ ਪ੍ਰਕਾਸ਼ ਹੈ ਤੇਰਾ,
ਹਰ ਇੱਕ ਜੀਵ ਵਿੱਚ ਤੇਰਾ ਨੂਰ।
ਇੱਕ ਰਸ ਤੂੰ ਵਿਆਪਕ ਹੈ ਸਾਰੇ,
ਹਰ ਇਕ ਵਿੱਚ ਤੂੰ ਹੀ ਭਰਪੂਰ

265.

ਤੂੰ ਸਚਾ ਸਾਹਿਬ ਹੈ ਪਿਆਰੇ,
ਸੁੰਦਰ ਤੇਰਾ ਰੂਪ ਅਪਾਰ।
ਸਿਫ਼ਤ ਸਲਾਹ ਕੀਤੀ ਜਿਸ ਤੇਰੀ,
ਹੋ ਗਿਆ ਉਹ ਭਵਸਾਗਰ ਪਾਰ।

ਗੁਰਬਾਣੀ

266.

ਕਹੁ ਨਾਨਕ ਕਰਤੇ ਕੀਆ ਬਾਤਾ ਜੋ
ਕਿਛੁ ਕਰਣਾ ਸੁ ਕਰਿ ਰਹਿਆ ॥੨॥

267.

ਮ : ੨॥
ਜੋਗ ਸਬਦੰ ਗਿਆਨ ਸਬਦੰ
ਬੇਦ ਸਬਦੰ ਬ੍ਰਾਹਮਣਹ ॥

268.

ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥

269.

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥

ਅਨੁਵਾਦ

266

ਸਤਿਗੁਰ ਕਹਿਣ ਉਸ ਪ੍ਰਭ ਦੀਆਂ ਗੱਲਾਂ,
ਆਪ ਹੀ ਸਕਦਾ ਹੈ ਉਹ ਜਾਣ।
ਜੋ ਕੁੱਝ ਵੀ ਉਸ ਕਰਨਾ ਹੁੰਦਾ,
ਆਪ ਹੀ ਉਹ ਰਖਦਾ ਸਭ ਠਾਣ।

267.

ਸ਼ਬਦ ਪ੍ਰਭੂ ਦੇ ਗਿਆਨ ਦੀ ਸੋਭਾ,
ਚਾਹੀਦਾ ਹਰ ਕੋਈ ਗਾਵੇ।
ਬ੍ਰਾਹਮਣ ਦਾ ਇਹ ਧਰਮ ਹੈ ਜਾਣੋ,
ਬੇਦ ਵਿਚਾਰ ਸੁਣਾਵੇ।

268.

ਖਤ੍ਰੀ ਦਾ ਧਰਮ ਹੈ ਬਣ ਸੂਰਮਾਂ,
ਜ਼ੁਲਮ ਤਾਂਈ ਨੱਥ ਪਾਵੇ।
ਸੂਦ੍ਰ ਇਨ੍ਹਾਂ ਦੀ ਸੇਵਾ ਕਰਕੇ,
ਜੀਵਨ ਸਫਲ ਬਤਾਵੇ।

269.

ਸਭ ਤੋਂ ਸਰੇਸ਼ਟ ਧਰਮ ਹੈ ਜਾਣੋ,
ਇੱਕ ਪ੍ਰਭ ਸਦਾ ਧਿਆਉਣਾ।
ਏਸ ਪ੍ਰਭੂ ਸੰਗ ਪ੍ਰੀਤਾਂ ਪਾਕੇ,
ਸੋਭਾ ਉਸ ਦੀ ਗਾਉਣਾ।

ਗੁਰਬਾਣੀ

270.

ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥

271.

ਮ : ੨॥

ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥

272.

ਆਤਮਾ ਬਾਸੁ ਦੇਵਸਿ੍ ਜੇ ਕੋ ਜਾਣੈ ਭੇਉ॥

273.

ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥

ਅਨੁਵਾਦ

270

ਉਹ ਪ੍ਰਾਨੀ ਹੈ ਰੂਪ ਪ੍ਰਭੁ ਦਾ,
ਮੇਰੀ ਨਜ਼ਰੇ ਪਿਆਰੇ।
ਮੈਂ ਨਾਨਕ ਹਾਂ ਦਾਸ ਉਸਦਾ,
ਉਸਦੇ ਜਾਵਾਂ ਵਾਰੇ।

271.

ਕ੍ਰਿਸ਼ਨ ਰੂਪ ਉਸ ਪ੍ਰਭੂ ਪਤੀ ਦਾ ਦੇਵੀ
ਦੇਵਤਿਆਂ ਵਿੱਚ ਹੈ ਨੂਰ।
ਕਣਕਣ ਵਿੱਚ ਉਸਦਾ ਹੈ ਵਾਸਾ,
ਹਰ ਇਕ ਥਾਂ ਤੇ ਉਹ ਭਰਪੂਰ।

272.

ਵਾਸ ਦੇਵ ਵੀ ਨਾਮ ਪ੍ਰਭੂ ਦਾ,
ਜੇ ਕੋਈ ਏਸ ਭੇਦ ਨੂੰ ਜਾਣੇਂ।
ਉਸ ਪ੍ਰਭੂ ਨਾਲ ਪ੍ਰੀਤਾਂ ਪਾ ਕੇ,
ਹਰਥਾਂ ਆਤਮਾਂ ਉਸ ਦੀ ਠਾਣੇਂ।

273.

ਨਾਨਕ ਕਹਿਣ ਮੈਂ ਦਾਸ ਉਸਦਾ,
ਪ੍ਰਭੂ ਪਤੀ ਦਾ ਰੂਪ ਉਹ ਪਿਆਰੇ।
ਮਾਇਆ ਰਹਿਤ ਕਾਲਿਖ ਤੋਂ ਨੂਰੀ,
ਪ੍ਰਭ ਜੀ ਸਦਾ ਅਨੂਪ ਉਹ ਪਿਆਰੇ।

ਗੁਰਬਾਣੀ

274.

ਮ :੧ ॥

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥

275.

ਗਿਆਨ ਕਾ ਬਧਾ ਮਨੁ ਰਹੈ
ਗੁਰ ਬਿਨੁ ਗਿਆਨੁ ਨ ਹੋਇ ॥੫ ॥

276.

ਪਾਉੜੀ ॥

ਪੜਿਆ ਹੋਵੈ ਗੁਨਹਗਾਰੁ ਤਾ
ਓਮੀ ਸਾਧੁ ਨ ਮਾਰੀਐ ॥

277.

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥

ਅਨੁਵਾਦ

274

ਘੜੇ ਆਦ ਵਿੱਚ ਪਾਣੀ ਪਾਇਆ,
ਬੱਧਾ ਰਹਿੰਦਾ ਭਾਈ।
ਘੜੇ ਵੀ ਪਾਣੀ ਤੋਂ ਹੀ ਜਾਣੋਂ,
ਆਪਣੀ ਬਣਤ ਬਣਾਈ।

275.

ਗਿਆਨ ਦਾ ਬੱਧਾ ਮਨ ਰਹੈ, ਗੁਰ
ਇਹ ਬਾਤ ਬਤਾਉਂਦੇ।
ਬਿਨ ਗੁਰ ਨਹੀਂ ਗਿਆਨ ਦੀ ਸੋਝੀ,
ਪ੍ਰਾਨੀ ਕਦੇ ਵੀ ਪਾਉਂਦੇ।

276.

ਪੜ੍ਹਿਆ ਲਿਖਿਆ ਕੋਈ ਪ੍ਰਾਨੀ,
ਜੇ ਮੰਦੇ ਕਰਮ ਕਮਾਵੇ।
ਅਨਪੜ੍ਹ ਨ ਤਦ ਵੇਖ ਉਸ ਨੂੰ,
ਐਵੇ ਹੀ ਘਬਰਾਵੇ।

277.

ਜੇਹੋ ਜਿਹੀ ਕੋਈ ਘਾਲ ਕਮਾਈ,
ਪ੍ਰਾਨੀ ਕਰੇ ਪਿਆਰੇ।
ਉਹੋ ਜਿਹਾ ਪ੍ਰਚਲਤ ਹੋ ਜਾਏ,
ਨਾਮ ਉਸ ਦਾ ਸਾਰੇ।

ਗੁਰਬਾਣੀ

278.

ਐਸੀ ਕਲਾ ਨ ਖੇਡੀਐ ਜਿਤੁ ॥
ਦਰਗਹ ਗਇਆ ਹਾਰਿਐ ॥

279.

ਪੜਿਆ ਅਤੈ ਓਮੀਆ ਵੀਚਾਰੁ
ਅਗੈ ਵੀਚਾਰੀਐ ॥

280.

ਮੁਹਿ ਚਲੈ ਸੁ ਅਗੈ ਮਾਰੀਐ ॥੧੨॥

281.

ਸਲੋਕੁ ਮ : ੧ ॥
ਨਾਨਕ ਮੇਰੁ ਸਰੀਰਕਾ ਇਕੁ ਰਥੁ ਇਕੁ ਰਥਵਾਹੁ ॥

ਅਨੁਵਾਦ

278

ਐਹੋ ਜਿਹੀ ਕੋਈ ਖੇਡ ਖੇਡਣੀ,
ਉੱਕਾ ਹੀ ਨ ਚਾਹੀਏ।
ਜਿਸ ਤੋਂ ਜਾ ਅੱਗੇ ਦਰਗਾਹ ਵਿੱਚ,
ਹੱਥ ਮਲਮਲ ਪਛਤਾਈਏ।

279.

ਪੜ੍ਹਿਆ ਹੋਵੇ ਜਾਂ ਅਨਪੜ ਹੋਵੇ,
ਇਹ ਗਲ ਚਿਤ ਵਸਾਈਏ।
ਪ੍ਰਭ ਦਰਗਾਹੇ ਪ੍ਰਭੂ ਗੁਣਾਂ ਦੇ,
ਵਿਚਾਰਾਂ ਦਾ ਫਲ ਪਾਈਏ।

280.

ਜੋ ਮਨਮੁਖ ਆਪਣੀ ਮਰਜ਼ੀ ਦੇ,
ਚਲਦਾ ਹੈ ਅਨੁਸਾਰ ਇਹ ਜਾਣੋ।
ਅੱਗੇ ਜਾ ਦਰਗਾਹ ਪ੍ਰਾਨੀ ਉਹ ਮੂੰਹ
ਦੀ ਖਾਂਦਾ ਮਾਰ ਇਹ ਜਾਣੋ।

281.

ਚੌਰਾਸੀ ਲੱਖ ਜੂਨਾਂ ਵਿਚੋਂ,
ਸਰੇਸ਼ਟ ਹੈ ਇਹ ਪ੍ਰਾਨੀ।
ਹਰ ਇੱਕ ਰਥ ਦਾ ਪ੍ਰਾਨੀ ਰਥਵਾਹਾ,
ਗੁਰ ਨਾਨਕ ਇਹ ਠਾਨੀ।

ਗੁਰਬਾਣੀ

282.

ਜੁਗੁ ਜੁਗੁ ਫੇਰਿ ਵਟਾਈਅਹਿ
ਗਿਆਨੀ ਬੁਝਹਿ ਤਾਹਿ ॥

283.

ਸਤਿਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥

284.

ਤੇਤ੍ਰੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥

285.

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥

ਅਨੁਵਾਦ

282

ਹਰ ਇੱਕ ਜੁਗ ਵਿੱਚ ਰਹਿਣ ਬਦਲਦੇ,
ਹਰ ਇੱਕ ਜੁਗ ਦੇ ਪ੍ਰਾਨੀ।
ਏਸ ਬਾਤ ਨੂੰ ਜਾਣ ਨੇ ਸਕਦੇ,
ਵਿਰਲੇ ਗੁਣੀ ਗਿਆਨੀ।

283.

ਸਤਿਜੁਗ ਵਿੱਚ ਸੰਤੋਖ ਆਖਦੇ,
ਪ੍ਰਾਨੀ ਦਾ ਰਥਵਾਹੀ।
ਜੀਵ ਮਨੋਰਥ ਧਰਮ ਹੁੰਦਾ ਹੈ,
ਸਤਿਗੁਰ ਦੇਣ ਗਵਾਹੀ।

284.

ਤੇਤ੍ਰੈ ਜੁਗ ਵਿੱਚ ਸਤ ਨੂੰ ਕਹਿੰਦੇ,
ਜਗ ਦਾ ਰਥ ਪਿਆਰਾ।
ਜ਼ੋਰ ਸੂਰਮਾਂ ਬਣ ਰਥਵਾਹਾ,
ਬਲ ਦਾ ਦਵੇ ਹੁਲਾਰਾ।

285.

ਦੁਆਪਰ ਜੁਗ ਵਿੱਚ ਤਪ ਰੂਪ,
ਰਥ, ਸਤ ਹੁੰਦਾ ਰਥਵਾਹੀ।
ਉਤਮ ਆਚਰਨ ਰਖਣ ਦੀ ਖਾਤਰ,
ਕਸ਼ਟ ਝਲਣ ਕਈ ਭਾਈ।

ਗੁਰਬਾਣੀ

286.

ਕਲਜੁਗਿ ਰਥੁ ਅਗਨਿ ਕਾ
ਕੂੜੁ ਅਗੈ ਰਥਵਾਹੁ ॥੧॥

ਅਨੁਵਾਦ

286

ਕਲਜੁਗ ਵਿੱਚ ਮਨੁੱਖ ਦਾ ਰੱਥ ਹੈ,
ਅਗਨ ਰੂਪ ਹਤਿਆਰੀ।
ਝੂਠ ਦਾ ਬਣ ਰਥਵਾਹੀ ਜਿਸਨੇ,
ਮਤ ਦੁਨੀਆਂ ਦੀ ਮਾਰੀ।

ਨੋਟ- ਏਸ ਸ਼ਬਦ ਦਾ ਕੁਝ ਹੋਰ ਵਿਸਥਾਰ-
ਏਸ ਸ਼ਬਦ ਵਿੱਚ ਗੁਰ ਨਾਨਕ ਜੀ,
ਹਿੰਦੂ ਮਤ ਅਨੁਸਾਰ ਨੇ ਦਸਦੇ।
ਜੁਗਾਂ ਜੁਗਾਂ ਦੀ ਵੰਡ ਦੇ ਬਾਰੇ,
ਆਪਣੇ ਉੱਚ ਵਿਚਾਰ ਨੇ ਦਸਦੇ।
ਸਤਜੁਗਾ, ਤ੍ਰੇਤਾ, ਦੁਆਪਰ, ਕਲਜੁਗ
ਚੋਂਹਾਂ ਦੀ ਪਛਾਣ ਨੇ ਦਸਦੇ।
ਹਰ ਇਕ ਜੁਗ ਵਿੱਚ ਪਰਬਲ ਕਿਹੜਾ,
ਕੌਣ ਬਲੀ ਬਲਵਾਨ ਨੇ ਦੱਸਦੇ।

ਧਰਮ ਪਰਧਾਨ ਹੈ ਜਿਹੜੇ ਜੁਗ ਵਿੱਚ,
ਉਹ ਸਤਿਜੁਗ ਦਾ ਰਾਜ ਹੈ ਜਾਣੋਂ।
ਕਲਜੁਗ ਦੇ ਪਹਿਰੇ ਵਿੱਚ ਵੇਖੋ,
ਠਗੀ, ਝੂਠ ਸਮਾਜ ਹੈ ਜਾਣੋਂ।

ਜੀਵਾ ਦੇ ਆਚਰਨ ਸਭਾਉ,
ਬਦਲਣ ਤੇ ਹੀ ਜੁਗ ਬਦਲਾਉਂਦੇ।
ਹਰ ਇੱਕ ਜੁਗ ਦੀ ਏਸ ਸ਼ਬਦ ਵਿੱਚ,
ਗੁਰ ਨਾਨਕ ਤਸਵੀਰ ਵਿਖਾਉਂਦੇ।

ਗੁਰਬਾਣੀ

287.

ਮ : ੧॥
ਸਾਮ ਕਹੈਸੇਤੰਬਰੁ ਸੁਆਮੀ ਸਚ ਮਹਿ
ਆਛੈ ਸਾਚਿ ਰਹੇ॥

288.

ਸਭੁ ਕੋ ਸਚਿ ਸਮਾਵੈ॥

289.

ਰਿਗ ਕਹੈ ਰਹਿਆ ਭਰਪੂਰਿ॥
ਰਾਮ ਨਾਮੁ ਦੇਵਾ ਮਹਿ ਸੂਰੁ॥

290.

ਨਾਇ ਲਇਐ ਪਰਾਛਤ ਜਾਹਿ॥
ਨਾਨਕ ਤਉ ਮਖੰਤਰੁ ਪਾਹਿ॥

ਅਨੁਵਾਦ

287

ਸ਼ਾਮ ਕਹੇ ਸਤਿਜੁਗ ਦੇ ਅੰਦਰ,
ਸੇਤੰਬਰ ਸੀ ਪ੍ਰਭ ਜੀ ਦਾ ਨਾਮ।
ਸਚਾ ਜਾਣ ਸੀ ਪੂਜਿਆ ਜਾਂਦਾ,
ਜਗਤ ਸੁਆਮੀ ਪ੍ਰਭ ਨਿਸ਼ਕਾਮ

288.

ਸਚ ਵਿੱਚ ਸਦਾ ਟਿਕੇ ਸੀ ਰਹਿੰਦੇ,
ਸੱਚ ਵਿੱਚ ਸਾਰੇ ਰਹਿੰਦੇ ਲੀਨ।
ਸਚ ਧਰਮ ਵਿੱਚ ਦ੍ਰਿੜ ਸੀ ਸਾਰੇ,
ਸਚ ਵਿੱਚ ਹੈਸਨ ਸਭ ਪਰਵੀਨ।

289.

ਰਿਗ ਕਹੇ ਕਿ ਤ੍ਰੇਤੇ ਜੁਗ ਵਿੱਚ,
ਰਾਮ ਦਾ ਨਾਮ ਸੀ ਜਗ ਮਸ਼ਹੂਰ।
ਦੇਵਤਿਆਂ ਵਿੱਚ ਰੌਸ਼ਨ ਸੀ ਇਉਂ।
ਸੂਰਜ ਦਾ ਜਿਉਂ ਲਿਸ਼ਕੇ ਨੂਰ।

290.

ਰਾਮ ਦਾ ਨਾਮ ਲੈਣ ਦੇ ਉੱਤੇ,
ਦੁੱਖ ਪਾਪ ਸਭ ਪ੍ਰਭੂ ਮਿਟਾਵੇ।
ਨਾਨਕ ਆਖਣ ਰਾਮ ਦੇ ਨਾਂ ਤੇ,
ਮੁਕਤ ਪਦਾਰਥ ਪ੍ਰਾਨੀ ਪਾਵੇ।

ਗੁਰਬਾਣੀ

291.

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ
ਕਾਨ੍ ਕ੍ਰਿਸਨੁ ਜਾਦਮੁ ਭਇਆ ॥

292.

ਪਾਰਜਾਤੁ ਗੋਪੀ ਲੈ ਆਇਆ ॥

293.

ਬਿੰਦ੍ਰਾਬਨ ਮਹਿ ਰੰਗੁ ਕੀਆ ॥

294.

ਕਲਿ ਮਹਿ ਬੇਦੁ ਅਥਰਬਣੁ ਹੂਆ
ਨਾਉਖੁਦਾਈ ਅਲਹੁ ਭਇਆ ॥

ਅਨੁਵਾਦ

291

ਦੁਆ ਪਰ ਵਿੱਚ ਜਗ ਦੇ ਮਾਲਕ ਦਾ,
ਕ੍ਰਿਸ਼ਨ ਨਾਮ ਹੋਇਆ ਮਸ਼ਹੂਰ।
ਛਲ ਨਾਲ ਚੰਦ੍ਰਾਵਲ ਗੋਪੀ,
ਲੈ ਆਇਆ ਕਰ ਛੱਲ ਹਜ਼ੂਰ।

292.

ਪਾਰਜਾਤ ਮਨ ਇਛਤ ਰੁਖ ਨੂੰ,
ਇੰਦਰ ਬਾਗ ਵਿੱਚੋਂ ਲੈ ਆਇਆ।
ਗੋਪੀਆਂ ਨੂੰ ਖੁਸ਼ ਕਰਨ ਦੀ ਖ਼ਾਤਰ,
ਕਿਸ਼੍ਨ ਨੇ ਇਹ ਕੌਤਕ ਵਰਤਾਇਆ।

293.

ਬਿੰਦਰਾ ਬਨ ਵਿੱਚ ਗੋਪੀਆਂ ਦੇ ਸੰਗ,
ਕ੍ਰਿਸ਼ਨ ਕਈ ਰੰਗ ਤਮਾਸ਼ੇ ਕੀਤੇ।
ਕਈਆਂ ਪੁਸਤਕਾਂ ਵਿੱਚ ਚਰਚੇ ਹੋਏ,
ਹਾਸੇ ਠਠੇ ਖਾਸੇ ਕੀਤੇ।

294.

ਕਲਜੁਗ ਵਿੱਚ ਸੀ ਵੇਦ ਅਥਰਬਣ,
ਬੇਹਦ ਹੀ ਹੋਇਆ ਪਰਧਾਨ।
ਰਬ ਨੂੰ ਕਿਸੇ ਖੁਦਾ ਆਖਿਆ,
ਅਲ੍ਹਾ ਕਹਿ ਕਿਸੇ ਕੀਤਾ ਮਾਨ।

ਗੁਰਬਾਣੀ

295.

ਨੀਲ ਬਸਤ੍ਰ ਲੇ ਕਪੜੇ ਪਹਿਰੇ
ਤੁਰਕ ਪਠਾਣੀ ਅਮਲੁ ਕੀਆ॥

296.

ਚਾਰੇ ਵੇਦ ਹੋਏ ਸਚਿਆਰ॥

297.

ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥

298.

ਭਾਉ ਭਗਤਿ ਕਰਿ ਨੀਚੁ ਸਦਾਇ॥
ਤਉ ਨਾਨਕ ਮੋਖੰਤਰੁ ਪਾਏ॥੨॥

ਅਨੁਵਾਦ

295

ਤੁਰਕ ਪਠਾਣ ਫਿਰ ਕਾਬਜ਼ ਹੋਕੇ,
ਰਾਜ ਕਰਨ ਲਈ ਏਥੇ ਆਏ।
ਨੀਲੇ ਰੰਗ ਦੇ ਬਸਤਰ ਸਾਰੇ,
ਉਹਨਾਂ ਸਨ ਆਪਣੇ ਤਨ ਤੇ ਪਾਏ।

296.

ਚਾਰੇ ਵੇਦ ਹੀ ਸਚੇ ਹੋਏ,
ਚੋਹਾਂ ਜੁਗਾਂ ਦੇ ਵਿਚਕਾਰ।
ਵਖਰੇ ਵਖਰੇ ਨਾਮ ਪ੍ਰਭੂ ਦੇ,
ਲੈਂਦੇ ਰਹੇ ਬੰਦੇ ਸਚਿਆਰ।

297.

ਜੋ ਜੋ ਪ੍ਰਾਨੀ ਇਹ ਧਰਮ ਪੁਸਤਕਾਂ,
ਪੜ੍ਹ ਪੜ੍ਹ ਕਰਦੇ ਰਹੇ ਵਿਚਾਰ।
ਚੰਗੀਆਂ ਯੁਕਤੀਆਂ ਜਾਣ ਉਨ੍ਹਾਂ ਦੇ,
ਬੇਹਦ ਸੁੰਦਰ ਬਣੇ ਵਿਚਾਰ।

298.

ਸਿਮਰਨ, ਪ੍ਰੇਮ ਤੇ ਭਗਤੀ ਰਾਹੀਂ,
ਜੋ ਆਪੇ ਨੂੰ ਨੀਵਾਂ ਅਖਵਾਉਂਦੈ।
ਨਾਨਕ ਕਹਿਣ ਉਹ ਹਉਮੈਂ ਤੋਂ ਬਚਕੇ,
ਮੁਕਤ ਪਦਾਰਥ ਨੂਰੀ ਪਾਉਂਦੈ।

ਗੁਰਬਾਣੀ

299.

ਪਾਉੜੀ॥

ਸਤਿਗੁਰ ਵਿਟਹੁ ਵਾਰਿਆ ਜਿਤੁ
ਮਿਲਿਐ ਖਸਮੁ ਸਮਾਲਿਆ॥

300.

ਜਿਨਿ ਕਰਿ ਉਪਦੇਸੁ ਗਿਆਨ ਅੰਜਨੁਦੀਆ
ਇਨ੍ਹੀ ਨੇਤ੍ਰੀ ਜੁਗਤੁ ਨਿਹਾਲਿਆ।

301.

ਖਸਮੁ ਛੋਡਿ ਦੂਜੇ ਲਗੇ
ਡੁਬੇ ਸੇ ਵਣਜਾਰਿਆ॥

302.

ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥
ਕਰਿ ਕਿਰਪਾ ਪਾਰਿ ਉਤਾਰਿਆ॥

ਅਨੁਵਾਦ

299.

ਮੈਂ ਆਪਣੇ ਸਤਿਗੁਰ ਦੇ ਸਦਕੇ,
ਵਾਰ ਵਾਰ ਉਸਦੇ ਬਲਿਹਾਰ।
ਜਿਸ ਨੂੰ ਮਿਲਣ ਦੀ ਕ੍ਰਿਪਾ ਸਦਕੇ,
ਯਾਦ ਕਰਾਂ ਮੈਂ ਪ੍ਰਭ ਦਾਤਾਰ।

300.

ਜਿਸ ਨੇ ਆਪਣੀ ਸਿਖਿਆ ਰਾਂਹੀ,
ਗਿਆਨ ਅੰਜਨ ਦਾ ਬਖਸ਼ਿਆ ਮਾਣ।
ਮੈਂ ਆਪਣੀਆਂ ਅੱਖਾਂ ਨਾਲ ਜਿਸ ਤੋਂ,
ਜਗ ਅਸਲੀਅਤ ਸਕਿਆ ਜਾਣ।

301.

ਜੋ ਪ੍ਰਾਨੀ ਮਾਲਕ ਪ੍ਰਭ ਛਡਕੇ,
ਹੋਰ ਕਿਸੇ ਨਾਲ ਕਰਦੇ ਪਿਆਰ।
ਸੰਸਾਰ ਸਾਗਰ ਉਹ ਜਾਣੋਂ ਡੁੱਬੇ,
ਹੋ ਨਹੀਂ ਸਕਦੇ ਉੱਕਾ ਪਾਰ।

302.

ਸਤਿਗੁਰ ਅਸਲ ਜਹਾਜ਼ ਹੈ ਜਾਣੋਂ,
ਵਿਰਲੇ ਕਿਸੇ ਇਹ ਸੋਝੀ ਪਾਈ।
ਮੈਨੂੰ ਪਾਰ ਲਗਾ ਕੇ ਸਤਿਗੁਰ,
ਮੇਰੇ ਤੇ ਬਖਸ਼ਿਸ਼ ਫੁਰਮਾਈ।

ਗੁਰਬਾਣੀ

303.

ਸਲੋਕੁ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘੁ ਅਤਿ ਮੁਚੁ ॥

304.

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥

305.

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿਪਤ ॥

306.

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਅਨੁਵਾਦ

303.

ਸਿੰਮਲ ਦਾ ਰੁੱਖ ਸਿੱਧਾ,
ਲੰਮਾ ਵਡਾ ਮੋਟਾ ਪਿਆਰੇ।
ਇਸਦੇ ਵਿੱਚ ਕੋਈ ਗੁਣ ਨਹੀਂ ਉੱਕਾ,
ਕਹਿਣ ਗੁਰੂ ਇਸ ਬਾਰੇ।

304.

ਉਹ ਪੰਛੀ ਜੋ ਵੇਖ ਏਸ ਨੂੰ,
ਆਸ ਕੋਈ ਕਰਕੇ ਆਵਨ।
ਵੇਖੋ ਕਿਵੇਂ ਨਿਰਾਸੇ ਹੋ ਕੇ,
ਵਾਪਸ ਇਸ ਤੋਂ ਜਵਾਨ।

305.

ਫਲ ਫਿਕੇ ਫੁੱਲ ਬੇ-ਸੁਆਦੇ,
ਪੱਤੇ ਬੜੇ ਨਿਕੰਮੇ।
ਕੋਈ ਵੀ ਸ਼ੈ ਏਸ ਰੁੱਖ ਦੀ,
ਆਉਂਦੀ ਕਿਸੇ ਨਾ ਕੰਮੇ।

306.

ਨਾਨਕ ਦਸਦੇ ਮਿਠਤ ਵਿੱਚ ਹੈ,
ਗੁਣ ਚੰਗਿਆਈਆਂ ਭਾਰੀ।
ਨੀਵੇਂ ਰਹਿ ਕੇ ਮਿਠ ਬੋਲਣੀ,
ਗੁਣਾਂ ਦੀ ਦੌਲਤ ਸਾਰੀ।

ਗੁਰਬਾਣੀ

307.

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈਨ ਕੋਇ॥

308.

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

309.

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥

310.

ਸੀਸਿ ਨਿਵਾਇਐ ਕਿਆਥੀਐ ਜਾ
ਰਿਦੈ ਕੁਸੁਧੇ ਜਾਹਿ॥੧॥

ਅਨੁਵਾਦ

307.

ਆਪਣੇ ਸੁਆਰਥ ਲਈ ਹੀ ਅਕਸਰ,
ਹਰ ਇੱਕ ਨਿਉਣ ਦੀ ਠਾਨੀ।
ਦੂਜੇ ਕਿਸੇ ਦੀ ਖਾਤਰ ਨਹੀਂ ਕੋਈ,
ਨਿਉਂਦਾ ਨੂਰੀ ਪ੍ਰਾਨੀ।

308.

ਤਕੜੀ ਤੇ ਧਰ ਤੋਲਣ ਵਾਲੀ,
ਸਤਿਗੁਰ ਬਾਤ ਸੁਣਾਈ।
ਨਿਉਂਦਾ ਪਾਸਾ ਭਾਰਾ ਹੁੰਦਾ,
ਇਸ ਵਿੱਚ ਹੈ ਸਚਿਆਈ।

309.

ਅਪਰਾਧੀ ਕਿੰਝ ਦੂਣਾ ਨਿਉਂਦੇ,
ਸਤਿਗੁਰ ਜੀ ਫੁਰਮਾਉਂਦੇ।
ਮਿਰਗ ਨੂੰ ਮਾਰਨ ਵਾਲੇ ਸ਼ਿਕਾਰੀ,
ਨਿਉਂਕੇ ਘਾਤ ਲਗਾਉਂਦੇ।

310.

ਸੀਸ ਨਿਵਾ ਜੋ ਕਰਨ ਵਿਖਾਵਾ,
ਉਹਨਾਂ ਬਾਰੇ ਇਹ ਕਹਿਣਾ।
ਅੰਦਰੋਂ ਐਸੇ ਖੋਟੇ ਪ੍ਰਾਨੀ,
ਲਾਭ ਨਹੀਂ ਕੁਝ ਲੈਣਾ।

ਗੁਰਬਾਣੀ

311.

ਮ : ੧ ॥ ਪੜਿ ਪੁਸਤਕ ਸੰਧਿਆ ਬਾਦੰ ॥

312.

ਸਿਲ ਪੂਜਸਿ ਬਗੁਲ ਸਮਾਧੰ ॥

313.

ਮੁਖਿ ਝੂਠਬਿਭੂਖਣ ਸਾਰੰ ॥

314.

ਤ੍ਰੈਪਾਲ ਤਿਹਾਲ ਬਿਚਾਰੰ ॥

ਅਨੁਵਾਦ

311.

ਪੰਡਤ ਪੜ੍ਹਕੇ ਧਰਮ ਪੁਸਤਕਾਂ,
ਸੰਧਿਆ ਕਰਦਾ ਪਿਆਰੇ।
ਕਈਆਂ ਦੇ ਨਾਲ ਛੇੜਕੇ ਚਰਚਾ,
ਆਪਣਾ ਸਮਾਂ ਗੁਜ਼ਾਰੇ।

312.

ਮੂਰਤੀਆਂ ਦੀ ਕਰਕੇ ਪੂਜਾ,
ਧਿਆਨ ਉਨ੍ਹਾਂ ਵਿੱਚ ਲਾਉਂਦਾ।
ਬਗਲੇ ਵਾਂਗ ਸਮਾਧੀ ਲਾ ਕੇ,
ਭੇਖੀ ਪ੍ਰਭ ਭਰਮਾਉਂਦਾ।

313.

ਮੁੱਖ ਤੋਂ ਉਹ ਹੈ ਝੂਠ ਬੋਲਕੇ,
ਕਰੇ ਅਡੰਬਰ ਭਾਰੇ।
ਏਸ ਝੂਠ ਗਲ ਗਹਿਣੇ ਪਾ ਕੇ,
ਸੋਹਣਾ ਰੂਪ ਸ਼ਿੰਗਾਰੇ।

314.

ਤਿਨ ਵੇਲੇ ਪੜ੍ਹ ਗਾਇਤਰੀ ਮੰਤਰ,
ਮਨ ਵਿੱਚ ਕਰੇ ਵਿਚਾਰਾਂ।
ਇਸਦਾ ਸਿਮਰਨ ਕੀਤਿਆਂ ਮਿਟਦੇ,
ਕੀਤੇ ਪਾਪ ਹਜ਼ਾਰਾਂ।

ਗੁਰਬਾਣੀ

315.

ਗਲਿ ਮਾਲਾ ਤਿਲਕੁ ਲਿਲਾਟੰ

316.

ਦੁਇ ਧੋਤੀ ਬਸਤ੍ਰ ਕਪਾਟੰ॥

317.

ਜੇ ਜਾਣਸਿ ਬ੍ਰਹਮੰ ਕਰਮੰ॥
ਸਭਿ ਫੋਕਟ ਨਿਸਚਉ ਕਰਮੰ॥

318.

ਕਹੁ ਨਾਨਕ ਨਿਹਚਉ ਧਿਆਵੈ॥
ਵਿਣੁ ਸਤਿਗੁਰ ਵਾਟ ਨ ਪਾਵੈ॥੨॥

ਅਨੁਵਾਦ

315.

ਗਲ ਵਿੱਚ ਪਾਈ ਮਾਲਾ ਰਖੇ,
ਮੱਥੇ ਤਿਲਕ ਲਗਾਉਂਦਾ।
ਏਸ ਤਰ੍ਹਾਂ ਇਹ ਭੇਖ ਬਣਾ ਕੇ,
ਪ੍ਰਭ ਜੀ ਨੂੰ ਭਰਮਾਉਂਦਾ।

316.

ਆਪਣੇ ਪਾਸ ਦੋ ਧੋਤੀਆਂ ਰੱਖੇ,
ਇੱਕ ਲਾਹਵੇ ਇੱਕ ਪਾਵੇ।
ਸੰਧਿਆ ਕਰਦੇ ਸਿਰ ਦੇ ਉੱਤੇ,
ਇੱਕ ਬਸਤਰ ਹੋਰ ਟਿਕਾਵੇ।

317.

ਜੇ ਇਹ ਪੰਡਤ ਬ੍ਰਹਮ ਕਰਮ ਦੀ,
ਸਾਰ ਦਾ ਹੋਵੇ ਜਾਣੂੰ।
ਤਾਂ ਇਹ ਸਭੇ ਫੋਕੇ ਨੇ ਕੰਮ,
ਨਿਸਚੇ ਕਰਕੇ ਠਾਣੂ

318.

ਸਰਧਾ ਦੇ ਨਾਲ ਨਾਨਕ ਆਖਣ,
ਪ੍ਰਭੂ ਜੀ ਸਦਾ ਧਿਆਈਐ।
ਪਰ ਇਹ ਮਾਰਗ ਸਤਿਗੁਰ,
ਬਾਝੋਂ, ਕਦੇ ਨ ਨੂਰੀ ਪਾਈਐ।

ਗੁਰਬਾਣੀ

319.

ਪਉੜੀ॥

ਕਪੜੁ ਰੂਪੁ ਸੁਹਾਵਣਾ ਛਡਿ
ਦੁਨੀਆ ਅੰਦਰਿ ਜਾਵਣਾ॥

320.

ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ॥

321.

ਹੁਕਮ ਕੀਏ ਮਨਿ ਭਾਵਦੇ ਰਾਹਿ
ਭੀੜੈ ਅਗੈ ਜਾਵਣਾ॥

322.

ਨੰਗਾ ਦੋਜਕਿ ਚਾਲਿਆ ਤਾਦਿਸੈ
ਖਰਾ ਡਰਾਵਣਾ॥

ਗੁਰਬਾਣੀ

323.

ਕਰਿ ਅਉਗਣ ਪਛੋਤਾਵਣਾ॥

324.

ਸਲੋਕੁ ਮ : ੧॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

325.

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਅਨੁਵਾਦ

319.

ਸੁੰਦਰ ਤਨ ਇਹ ਰੂਪ ਸਹਾਣਾਂ,
ਇਹ ਹੈ ਤੇਰਾ ਬੜਾ ਲੁਭਾਣਾ।
ਇਸਦਾ ਬਹੁਤਾ ਮਾਣ ਨ ਕਰ ਤੂੰ,
ਇਹ ਛਡ ਹੈ ਤੂੰ ਏਥੋਂ ਜਾਣਾਂ।

320.

ਮੰਦੇ ਚੰਗੇ ਕਰਮ ਜੋ ਕੀਤੇ,
ਫਲ ਇਹਨਾਂ ਦਾ ਤੂੰ ਹੈ ਪਾਣਾ।
ਛੱਡਕੇ ਇਹ ਸਭ ਮਹਿਲ ਮਾੜੀਆਂ,
ਖਾਲੀ ਹੱਥ ਏਥੋਂ ਹੈ ਜਾਣਾ।

321.

ਮੰਨ ਮੰਨੀਆਂ ਜੋ ਤੂੰ ਕੀਤੀਆਂ, ਹਾਕਮ,
ਬਣ ਜੋ ਹੁਕਮ ਚਲਾਇਆ।
ਔਖੀਆਂ ਘਾਟੀਆਂ 'ਚੋਂ ਲੰਘਣੇ ਦਾ,
ਹੁਣ ਬੰਦਿਆਂ ਤੇਰਾ ਵੇਲਾ ਆਇਆ।

322.

ਦੋਜ਼ਕ ਵਿੱਚ ਸਭ ਨੰਗੇ ਹੋਣੇਂ,
ਜੋ ਤੂੰ ਕੀਤੇ ਕੋਝੇ ਕਾਰੇ।
ਰੂਪ ਤੇਰਾ ਅਤੁ ਦਿਸੂ ਡਰਾਉਣਾ,
ਜ਼ਾਹਿਰ ਹੋਣੇਂ ਤੇਰੇ ਔਗਣ ਸਾਰੇ।

ਗੁਰਬਾਣੀ

326.

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥

327.

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

328.

ਚਉਕੜਿ ਮੁਲਿ ਅਣਾਇਆ ਬਹਿ ਚਉਕੈਪਾਇਆ॥

329.

ਸਿਖਾ ਕੰਨਿ ਚੜਾਈਆ ਗੁਰੂ ਬ੍ਾਹਮਣੁਥਿਆ॥

ਅਨੁਵਾਦ

323.

ਔਗੁਣ ਕਰ ਸੀ ਤੂੰ ਸਮਝਦਾ,
ਪੁਛਣ ਵਾਲਾ ਕਿਹੜਾ ਹੋਣਾ।
ਪਤਾ ਲਗੂ ਅੰਤ ਨੂੰ ਬੰਦਿਆਂ,
ਪਛਤਾਵਾ ਕਰ ਪਵੇਗਾ ਰੋਣਾ।

324.

ਵਾਹ ਕਿਆ ਖੂਬ ਪੰਡਤ ਦੇ ਤਾਂਈ,
ਸਤਿ ਗੁਰੂ ਜੀ ਫੁਰਮਾਉਂਦੇ।
ਐਹੋ ਜਿਹਾ ਜਨੇਉ ਪਾਉਣਾ,
ਉਹ ਆਪਣੇ ਗਲ ਚਾਹੁੰਦੇ।
ਕਪਾਹ ਦਇਆ ਦੀ ਸੂਤ ਸੰਤੋਖ ਦਾ,
ਜਤ ਦੀਆਂ ਗੰਢਾ ਪਾ ਕੇ।
ਵਟ ਉਤਮ ਆਚਰਨ ਦਾ ਦੇਣਾ,
ਇਹ ਜਨੇਊ ਬਣਾ ਕੇ।

325.

ਏਹੋ ਜਿਹਾ ਜਨੇਊ ਜੇ ਹੈ
ਪਾਸ ਤੇਰੇ ਤਾਂ ਆ ਬਈ।
ਮੇਰੀ ਅੰਤਰ ਆਤਮਾਂ ਦੇ ਗਲ,
ਇਹ ਜਨੇਊ ਪਾ ਬਈ।

ਗੁਰਬਾਣੀ

330.

ਓਹੁ ਮੁਆ ਓਹੁ ਝੜਿ ਪਇਆ,
ਵੇਤਗਾ ਗਇਆ ॥੧॥

331.

ਮ : ੧ ॥ ਲਖ ਚੋਰੀਆ ਲਖ ਜਾਰੀਆ
ਲਖ ਕੂੜੀਆ ਲਖ ਗਾਲਿ ॥

332.

ਲਖ ਠਗੀਆ ਪਹਿਨਾਮੀਆ
ਰਾਤਿ ਦਿਨਸੁ ਜੀਅ ਨਾਲਿ ॥

333.

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥

ਅਨੁਵਾਦ

326.

ਇਹ ਜਨੇਊ ਨਾ ਹੀ ਟੁਟਣਾ, ਨਾ,
ਇਹ ਮੈਲ ਨੇ ਖਾਣਾ।
ਨਾ ਇਹ ਅੱਗ ਵਿੱਚ ਹੈ ਸੜਨਾ,
ਨਾ ਕਿਧਰੇ ਗੁਮ ਜਾਣਾ।

327.

ਨਾਨਕ ਕਹਿਣ ਉਹ ਭਾਗਾਂ ਵਾਲੇ,
ਜਗ ਤੇ ਨੇ ਅਖਵਾਉਂਦੇ।
ਐਹੋ ਜੇਹੇ ਜਨੇਊ ਜਿਹੜੇ,
ਗਲ ਆਪਣੇ ਨੇ ਪਾਉਂਦੇ।

328.

ਚੋਂਹ ਕੌਡੀਆਂ ਦਾ ਮੁਲ ਦੇ ਕੇ ਤੂੰ,
ਇਹ ਹੈ ਮੰਗਵਾਇਆ।
ਫਿਰ ਜਜ਼ਮਾਨ ਦੇ ਚੌਂਕੇ ਬਹਿਕੇ,
ਗਲ ਉਸ ਦੇ ਹੈ ਪਾਇਆ।

329.

ਫਿਰ ਉਸ ਦੇ ਤੂੰ ਕੰਨ ਵਿੱਚ ਕੁਝ,
ਏਦਾਂ ਬੋਲ ਸੁਣਾਇਆ।
ਅੱਜ ਤੋਂ ਤੇਰਾ ਗੁਰੂ ਹੈ ਬ੍ਰਹਮਣ,
ਉਸ ਨੂੰ ਪਕ ਪਕਾਇਆ।

ਗੁਰਬਾਣੀ

334.

ਕੁਹਿ ਬਕਰਾ ਰਿੰਨ੍ਹਿ ਖਾਇਆ
ਸਭੁ ਕੋ ਆਖੈ ਪਾਇ॥

335.

ਹੋਇ ਪੁਰਾਣਾ ਸੁਟੀਐ ਭੀ
ਫਿਰਿ ਪਾਈਐ ਹੋਰੁ॥

336.

ਨਾਨਕ ਤਗੁ ਨ ਤੁਟਈ
ਜੇ ਤਗਿ ਹੋਵੈ ਜੋਰੁ॥੨॥

337.

ਮ : ੧
ਨਾਇ ਮੰਨਿਐ ਪਤਿ ਉਪਜੈ
ਸਾਲਾਹੀ ਸਚੁ ਸੂਤੁ॥

ਅਨੁਵਾਦ

330.

ਮਰਨ ਦੇ ਉਤੇ ਉਹ ਜਨੇਊ,
ਏਥੇ ਹੀ ਝੜ ਪਇਆ।
ਪਰਲੋਕਾਂ ਵਿੱਚ ਤਾਂ ਉਹ ਪ੍ਰਾਨੀ,
ਬਿਨਾਂ ਹੀ ਇਸਦੇ ਗਇਆ।

331.

ਲੱਖਾਂ ਚੋਰੀਆਂ ਲੱਖਾਂ ਯਾਰੀਆਂ,
ਕਰਦਾ ਹੈ ਇਹ ਬੰਦਾ।
ਲੱਖਾਂ ਝੂਠੇ ਕਾਰੇ ਕਰਕੇ,
ਬੋਲੇ ਗਾਲਾਂ ਮੰਦਾ।

332.

ਲੱਖਾਂ ਠੱਗੀਆਂ ਬੇਈਮਾਨੀਆਂ,
ਨਿਤ ਦਿਨ ਕਰੇ ਪ੍ਰਾਨੀ।
ਬਾਹਰੋਂ ਲੋਕਾਂ ਚਾਰੀ ਬਣਿਆ,
ਫਿਰਦਾ ਵੱਡਾ ਗਿਆਨੀ।

333.

ਕਪਾਹ ਨੂੰ ਵੇਲ ਬਣਾ ਕੇ ਧਾਗਾ,
ਬ੍ਰਾਹਮਣ ਨੂੰ ਸਦਵਾਉਂਦੇ।
ਬ੍ਰਾਹਮ ਆ ਜਜ਼ਮਾਨ ਦੇ ਘਰ,
ਫਿਰ ਵਟ ਜਨੇਊ ਬਣਾਉਂਦੇ।

ਗੁਰਬਾਣੀ

338.

ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥

339.

ਮ : ੧॥ ਤਗੁ ਨ ਇੰਦ੍ਰੀ ਤਗੁ ਨ ਨਾਰੀ॥

340.

ਭਲਕੇ ਥੁਕ ਪਵੈ ਨਿਤ ਦਾੜੀ

341.

ਤਗੁ ਨ ਪੈਰੀਂ ਤਗੁ ਨ ਹਥੀ॥

ਅਨੁਵਾਦ

334.

ਬਕਰਾ ਮਾਰ ਰਿੰਨ ਕੇ ਉਸ ਨੂੰ,
ਖੂਬ ਪਕਾਇਆ ਜਾਂਦਾ।
ਆਏ ਗਏ ਨੂੰ ਫੇਰ ਛਕਾਕੇ,
ਜਨੇਊ ਨੂੰ ਪਾਇਆ ਜਾਂਦਾ।

335.

ਜਨੇਊ ਪੁਰਾਣਾ ਹੋਣ ਤੇ ਸੁਟਕੇ,
ਨਵਾਂ ਬਣਾਇਆ ਜਾਂਦਾ।
ਨਵੇਂ ਸਿਰੇ ਫਿਰ ਉਸ ਤਰ੍ਹਾਂ ਹੀ,
ਫੇਰ ਪਵਾਇਆ ਜਾਂਦਾ।

336.

ਨਾਨਕ ਕਹਿੰਦੇ ਉਸ ਧਾਗੇ ਵਿੱਚ,
ਸ਼ਕਤੀ ਜੇ ਕੋਈ ਹੋਵੇ।
ਫਿਰ ਕਾਹਨੂੰ ਇਹ ਟੁਟਕੇ ਛੇਤੀ,
ਨਸ਼ਟ ਇਹ ਨੂਰੀ ਹੋਵੇ।

337.

ਹਿਰਦੇ ਵਿੱਚ ਪ੍ਰਭ ਨਾਮ ਸਿਮਰਿਆਂ
ਸਿਫ਼ਤ ਸਲਾਹ ਪ੍ਰਭੂ ਦੀ ਗਾਇਆਂ।
ਮਾਨ ਇਜ਼ਤ ਵਡਿਆਈ ਮਿਲਦੇ,
ਸੱਚੇ ਏਸ ਜਨੇਊ ਪਾਇਆਂ।

ਗੁਰਬਾਣੀ

342.

ਤਗੁ ਨ ਜਿਹਵਾ ਤਗੁ ਨ ਅਖੀ॥

343.

ਵੇਤਗਾ ਆਪੇ ਵਤੈ॥
ਵਟਿ ਧਾਗੇ ਅਵਰਾ ਘਤੈ॥

344.

ਲੈ ਭਾੜਿ ਕਰੇ ਵਿਆਹੁ॥
ਕਢਿ ਕਾਗਲੁ ਦਸੈ ਰਾਹੁ॥

345.

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥
ਮਨਿ ਅੰਧਾ ਨਾਉ ਸੁਜਾਣੁ॥੪॥

ਅਨੁਵਾਦ

338.

ਸਤਿਸੰਗ ਰੂਪੀ ਦਰਗਾਹ ਅੰਦਰ,
ਗਿਆਨ ਰੂਪ ਜਨੇਊ ਪਾਈਐ।
ਨਾ ਇਹ ਟੁਟਦਾ ਨ ਇਹ ਖੁਸਦਾ,
ਤਾਂ ਤੇ ਇਸ ਨੂੰ ਸਦਾ ਧਿਆਈਐ।

339.

ਇੰਦਰੀਆਂ ਨੂੰ ਵਰਜਣ ਵਾਲਾ,
ਪੰਡਤਾ ਤੂੰ ਨ ਤਗ ਬਣਾਇਆ,
ਕਈ ਵਾਰੀ ਇਸ ਮੂਰਖ ਬੰਦੇ,
ਔਰਤ ਤੋਂ ਅਪਮਾਨ ਕਰਾਇਐ।

340.

ਦਾੜ੍ਹੀ ਵਾਲਾ ਪੁਰਸ਼ ਜਦੋਂ ਕੋਈ
ਭੈੜੇ ਕੰਮ ਕਰਨੋ ਨਹੀਂ ਰਹਿੰਦਾ।
ਲਾਹਨਤ ਰੂਪੀ ਥੁਕ ਉਹਨਾਂ ਦੇ
ਹਰ ਵੇਲੇ ਹੈ ਮੂੰਹ ਤੇ ਪੈਂਦਾ।

341.

ਮੰਦੇ ਕੰਮੋ ਪੈਰ ਨ ਵਰਜੇਂ,
ਚੋਰੀਉ ਵਰਜ ਨ ਹੱਥ ਹਟਾਏ।
ਇਹ ਦੋਵੇਂ ਸੁਧਾਰਨ ਵਾਲੇ,
ਪੰਡਤਾਂ ਨ ਜਨੇਊ ਪਾਏ।

ਗੁਰਬਾਣੀ

346.

ਪਉੜੀ॥
ਸਾਹਿਬੁ ਹੋਇ ਦਇਆਲੁ
ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥

347.

ਸੋ ਸੇਵਕੁ ਸੇਵਾ ਕਰੇ
ਜਿਸ ਨੋ ਹੁਕਮੁ ਮਨਾਇਸੀ॥

348.

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ
ਖਸਮੈ ਕਾ ਮਹਲੁ ਪਾਇਸੀ॥

349.

ਖਸਮੈ ਭਾਵੈ ਸੋ ਕਰੇ ਮਨਹੁ
ਚਿੰਦਿਆ ਸੋ ਫਲੁ ਪਾਇਸੀ॥

ਅਨੁਵਾਦ

342.

ਨਿੰਦਿਆ ਕਰਨੋਂ ਜੀਭ ਨ ਵਰਜੀ,
ਰੂਪ ਰੰਗੋ ਨ ਅੱਖ ਹਟਾਈ।
ਇਹਨਾਂ ਨੂੰ ਵਰਜਣ ਲਈ ਪੰਡਤਾਂ,
ਤਗੁ ਆਦਿ ਨ ਇਹਨਾਂ ਨੂੰ ਪਾਈ।

343.

ਆਪ ਤਾਗੇ ਬਿਨਾਂ ਜਨੇਊ ਪਾਏ,
ਲੋਕਾਂ ਨੇ ਵਟ ਧਾਗੇ ਪਾਉਂਦੇ।
ਪੰਡਤਾਂ ਤੁਸੀਂ ਨਹੀਂ ਮੁਕਤੀ ਪਾਉਣੀ,
ਲੋਕਾਂ ਨੂੰ ਐਵੇ ਭਰਮਾਉਂਦੇ।

344.

ਜਜ਼ਮਾਨਾਂ ਤੋਂ ਲਵੇਂ ਦਛਣਾਂ,
ਧੀਆਂ ਦੇ ਵਿਆਹਾਂ ਉੱਤੇ।
ਪਤਰੀ ਖੋਹਲ ਕੇ ਮਾਰਗ ਦਸੇ,
ਵਾਰ ਜਾ ਕਿਹੜੀ ਰੁੱਤੇ।

345.

ਵੇਖੋ ਲੋਕੋ ਅਜਬ ਤੁਮਾਸ਼ਾ,
ਪੰਡਤ ਖੁਦ ਆਪ ਅਗਿਆਨੀ।
ਅੰਨਾਂ ਹੋ ਕੇ ਰਾਹ ਦਸੇਰਾ,
ਬਣਿਆ ਫਿਰਦਾ ਗੁਣੀ ਗਿਆਨੀ।

ਗੁਰਬਾਣੀ

350

ਤਾ ਦਰਗਹ ਪੈਧਾ ਜਾਇਸੀ ॥੧੫॥

351.

ਸਲੋਕ ਮ : ੧ ॥

ਗਊ ਬਿਰਾਹਮਣ ਕਉ ਕਰੁ

ਲਾਵਹੁ ਗੋਬਰਿ ਤਰਣੁ ਨ ਜਾਈ ॥

352.

ਧੋਤੀ ਟਿਕਾ ਤੈ ਜਪਮਾਲੀ

ਧਾਨੁ ਮਲੇਛਾਂ ਖਾਈ ॥

353.

ਅੰਤਰਿ ਪੂਜਾ ਪੜਹਿ ਕਤੇਬਾ

ਸੰਜਮੁ ਤੁਰਕਾ ਭਾਈ ॥

ਅਨੁਵਾਦ

346.

ਜਿਸ ਪ੍ਰਾਨੀ ਤੇ ਸਾਹਿਬ ਪ੍ਰਭੂ ਜੀ,
ਮਿਹਰਬਾਨ ਹੋ ਜਾਵੇ।
ਉਸ ਪਾਸੋਂ ਉਹ ਕੰਮ ਕਰਾਉਂਦਾ,
ਜੋ ਉਸ ਪ੍ਰਭੂ ਨੂੰ ਭਾਵੇ।

347.

ਪ੍ਰਭ ਜੀ ਆਪਣੇ ਹੁਕਮ ਦੇ ਅੰਦਰ,
ਜਿਸ ਪ੍ਰਾਨੀ ਨੂੰ ਲਾਉਂਦਾ।
ਉਹ ਸੇਵਕ ਹੀ ਪ੍ਰਭ ਆਪਣੇ ਦਾ,
ਪਿਆਰੇ ਹੁਕਮ ਬਜਾਉਂਦਾ।

348.

ਪ੍ਰਭੂ ਹੁਕਮ ਵਿੱਚ ਰਾਜ਼ੀ ਰਹਿ ਜਿਸ,
ਉਸਦੀ ਸੇਵ ਕਮਾਈ।
ਦਰ ਉਸ ਦੇ ਪਰਵਾਨ ਉਸ ਹੋ,
ਸਾਰ ਉਹਦੀ ਹੈ ਪਾਈ।

349.

ਜਦ ਕੋਈ ਪ੍ਰਾਨੀ ਉਹੋ ਕੰਮ ਕਰਦਾ,
ਜੋ ਪ੍ਰਭ ਜੀ ਨੂੰ ਭਾਵੇਂ।
ਤਦ ਸਤਿਗੁਰ ਕਹਿੰਦੇ ਉਹਨੂੰ ਉਹੋ ਫਲ ਮਿਲਦਾ,
ਜੋ ਉਹ ਪ੍ਰਾਨੀ ਚਾਹਵੇ।

ਗੁਰਬਾਣੀ

354.

ਛੋਡੀ ਲੇ ਪਾਖੰਡਾ॥
ਨਾਮਿ ਲਇਐ ਜਾਹਿ ਤਰੰਦਾ॥੧॥

355.

ਮ : ੧॥ ਮਾਣਸ ਖਾਣੇ ਕਰਹਿ ਨਿਵਾਜ॥

356.

ਛੁਰੀ ਵਗਾਇਨਿ ਤਿਨ ਗਲਿ ਤਾਗ॥

357.

ਤਿਨ ਘਰਿ ਬ੍ਰਹਮਣ ਪੂਰਹਿ ਨਾਦ॥

ਅਨੁਵਾਦ

350.

ਹੁਕਮ ਪ੍ਰਭੂ ਦਾ ਮੰਨਣ ਸਦਕੇ,
ਮਨ ਇਛਤ ਫਲ ਪਾਵੇ ਪ੍ਰਾਨੀ।
ਜਸ ਰੂਪੀ ਪੌਸ਼ਾਕ ਪਹਿਨਕੇ,
ਦਰਗਾਹ ਪ੍ਰਭੂ ਦੇ ਜਾਵੇ ਪ੍ਰਾਨੀ।

351.

ਨਦੀਉਂ ਪਾਰ ਜਾਣ ਲਈ ਮੰਗੇ,
ਗਊਂ ਬ੍ਰਾਹਮਣ ਤੋਂ ਟੈਕਸ ਐ ਭਾਈ।
ਗਊ ਗੋਹੇ ਦਾ ਪੋਚਾ ਲਾ ਕੇ,
ਬੈਠਣ ਦੇ ਲਈ ਕਰੇਂ ਸਫ਼ਾਈ।

352.

ਧੋਤੀ ਪਹਿਨ ਮੱਥੇ ਲਾ ਟਿੱਕਾ,
ਮਾਲਾ ਫੇਰਨ ਦਾ ਢੋਂਗ ਰਚਾਵੇਂ।
ਜੀਹਨਾਂ ਤਾਂਈ ਮਲੇਸ਼ ਆਖਦਾ,
ਅਨ ਉਹਨਾਂ ਤੋਂ ਮੰਗ ਕੇ ਖਾਵੇਂ।

353.

ਅੰਦਰ ਬਹਿਕੇ ਪੂਜਾ ਕਰਦਾ,
ਬਾਹਰੋਂ ਬਣ ਤੁਰਕਾਂ ਦਾ ਦਾਸ।
ਮੁਸਲਮਾਨਾ ਨੂੰ ਖੁਸ਼ ਕਰਨ ਲਈ,
ਕੁਰਾਨ ਆਦ ਵੀ ਰਖਦਾਂ ਪਾਸ।

ਗੁਰਬਾਣੀ

358.

ਉਨਾ ਭਿ ਆਵਹਿ ਓਈ ਸਾਦ ॥

359.

ਕੂੜੀ ਰਾਸਿ ਕੂੜਾ ਵਾਪਾਰ ॥
ਕੂੜ ਬੋਲਿ ਕਰਹਿ ਆਹਾਰੁ ॥

360.

ਸਰਮ ਧਰਮ ਕਾ ਡੇਰਾ ਦੂਰਿ ॥

361.

ਨਾਨਕ ਕੂੜੁ ਰਹਿਆ ਭਰਪੂਰਿ ॥

ਅਨੁਵਾਦ

354.

ਛਡਦੇ ਇਹ ਪਾਖੰਡ ਓ ਪੰਡਤਾਂ,
ਪਰਮੇਸ਼ਰ ਦਾ ਨਾਮ ਧਿਆ ਬਈ।
ਸੰਸਾਰ ਸਾਗਰ ਤੋਂ ਤਰ ਜਾਵੇਂਗਾ,
ਇੱਕ ਪਾਸੇ ਤੂੰ ਹੋ ਜਾ ਬਈ।

355.

ਮਾਣਸ ਖਾਣੇ ਮਸੁਲਮ ਹਾਕਿਮ,
ਜੋ ਉੱਤੋਂ ਹੋਰ ਤੇ ਵਿੱਚੋਂ ਹੋਰ।
ਬਾਹਰੋਂ ਪੜ੍ਹਨ ਨਿਮਾਜ਼ਾਂ ਵੇਖੋ,
ਵਿੱਚੋਂ ਵੱਡੇ ਰਿਸ਼ਵਤ ਖੋਰ।

356.

ਖਤਰੀ ਗਲੀਂ ਜਨੇਊ ਪਾ ਕੇ,
ਕਰਦੇ ਪਏ ਨੇ ਜ਼ੁਲਮੀ ਕਾਰੇ।
ਇਹ ਵੱਡੇ ਭੇਖੀ ਪਾਖੰਡੀ,
ਛੁਰੀ ਮਾਰ ਇਹ ਕਪਟੀ ਭਾਰੇ।

357.

ਇਹਨਾਂ ਖਤਰੀਆਂ ਘਰੀ ਬ੍ਰਾਹਮਣ ਜਾ ਕੇ,
ਖੁਸ਼ੀਆਂ ਕਰਦੇ ਸੰਖ ਵਜਾਂਦੇ।
ਖਾਣ ਪੀਣ ਦੇ ਲੋਭੀ ਪੰਡਤ,
ਖੀਰਾਂ ਪੂੜੇ ਰਜਕੇ ਖਾਂਦੇ।

ਗੁਰਬਾਣੀ

362.

ਮਥੇ ਟਿਕਾ ਤੇੜਿ ਧੋਤੀ ਕਖਾਈ॥

363.

ਹਥਿ ਛੁਰੀ ਜਗਤ ਕਾਸਾਈ॥

364.

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

365.

ਮਲੇਛ ਧਾਨੁ ਲੇ ਪੂਜਹਿ ਪੁਰਾਣੁ॥

ਅਨੁਵਾਦ

358.

ਕਰ ਕਰ ਜ਼ੁਲਮ ਜੋ ਕਠੇ ਕੀਤੇ,
ਰਿਸ਼ਵਤ ਲੈ ਕੇ ਖਾਣ ਪਦਾਰਥ।
ਓਹੋ ਸਵਾਦ ਇਹਨਾਂ ਨੂੰ ਆਇਆ,
ਖਾਣ ਜਿਹੜੇ ਇਹ ਆਣ ਪਦਾਰਥ।

359.

ਇਹਨਾਂ ਲੋਕਾਂ ਦੀ ਝੂਠੀ ਪੂੰਜੀ,
ਝੂਠੇ ਨੇ ਵਿਉਪਾਰ ਇਹਨਾਂ ਦੇ।
ਝੂਠ ਹੀ ਬੋਲ ਬੋਲ ਕੇ ਚਲਦੇ,
ਇਹ ਸਭ ਕਾਰੋਬਾਰ ਇਹਨਾਂ ਦੇ।

360.

ਧਰਮ ਦੀ ਰਖਦੇ ਸਾਰ ਨਹੀਂ ਇਹ,
ਸ਼ਰਮ ਇਹਨਾਂ ਹੈ ਉੱਕਾ ਲਾਹੀ।
ਝੂਠ ਫਰੇਬ ਨੇ ਜਿਥੋਂ ਮਿਲਦੇ,
ਉਹਨਾਂ ਦੀ ਇਹਨਾਂ ਹਟ ਚਲਾਈ।

361.

ਨਾਨਕ ਕਹਿਣ ਬੜੀ ਇਹ ਚਲਦੀ,
ਝੂਠ ਦੀ ਵਡੀ ਦੁਕਾਨ ਹੈ ਏਥੇ।
ਜਿਧਰ ਵੇਖੋ ਥਾਂ-ਥਾਂ ਤੇ ਹੁਣ,
ਝੂਠ ਹੋਇਆ ਪਰਧਾਨ ਹੈ ਏਥੇ।

ਗੁਰਬਾਣੀ

366.

ਅਭਾਖਿਆ ਕਾ ਕੁਠਾ ਬਕਰਾ ਖਾਣਾ॥

367.

ਚਉਕੇ ਉਪਰਿ ਕਿਸੈ ਨ ਜਾਣਾ॥

368.

ਦੇ ਕੈ ਚਉਕਾ ਕਢੀ ਕਾਰ॥
ਉਪਰਿ ਆਇ ਬੈਠੇ ਕੂੜਿਆਰ॥

369.

ਮਤੁ ਭਿਟੈ ਵੇ ਮਤੁ ਭਿਟੈ॥
ਇਹੁ ਅੰਨੁ ਅਸਾਡਾ ਫਿਟੈ॥

ਅਨੁਵਾਦ

362.

ਮੱਥੇ ਉੱਤੇ ਇਹ ਲਾ ਕੇ ਟਿੱਕਾ,
ਗੇਰੂਏ ਰੰਗ ਦੀ ਧੋਤੀ ਬੰਨਣ।
ਇਹਨਾਂ ਦਾ ਨਿਰਾ ਵੇਖਾਵਾ ਹੈ ਇਹ,
ਦਿਲੋਂ ਨ ਕੋਈ ਮੁਰਸ਼ਦ ਮੰਨਣ।

363.

ਹੱਥ ਇਹਨਾਂ ਦੇ ਕਲਮ ਛੁਰਾ ਹੈ,
ਅਕਸਰ ਸਭ ਤੇ ਜ਼ੁਲਮ ਕਮਾਵਨ।
ਰਿਸ਼ਵਤ ਲੈ ਕੇ ਕਰਨ ਫੈਸਲੇ,
ਤਰਸ ਕਿਸੇ ਤੇ ਰਤਾ ਨ ਖਾਵਨ।

364.

ਨੀਲੇ ਰੰਗ ਦੇ ਕਪੜੇ ਪਾ ਕੇ,
ਤੁਰਕ ਹਾਕਮਾਂ ਪਾਸ ਨੇ ਜਾਂਦੇ।
ਰਿਵਾਜ਼ ਮੁਤਾਬਿਕ ਇਹ ਕਪੜੇ ਹੀ,
ਮਿਲਣੀ ਦਾ ਮਾਰਗ ਅਪਨਾਂਦੇ।

365.

ਮਲੇਛ ਆਖ ਜੀਹਨਾ ਦਾ ਇਹ ਜਨ,
ਕਰਦੇ ਨੇ ਅਪਮਾਨ ਪਿਆਰੇ।
ਉਹਨਾਂ ਪਾਸੋਂ ਹੀ ਅੰਨ ਧਨ ਲੈ ਕੇ,
ਪੂਜਣ ਵੇਦ ਪੁਰਾਨ ਪਿਆਰੇ।

ਗੁਰਬਾਣੀ

370.

ਤਨਿ ਫਿਟੈ ਫੇੜ ਕਰੇਨਿ॥
ਮਨਿ ਜੂਠੈ ਚੁਲੀ ਭਰੇਨਿ॥

371.

ਕਹੁ ਨਾਨਕ ਸਚੁਧਿਆਈਐ॥
ਸੁਚਿ ਹੋਵੈ ਤਾ ਸਚੁ ਪਾਈਐ॥੨॥

372.

ਪਾਉੜੀ॥
ਚਿਤੈ ਅੰਦਰਿ ਸਭੁ ਕੋ ਵੇਖਿ
ਨਦਰੀ ਹੇਠਿ ਚਲਾਇਦਾ॥

373.

ਆਪੇ ਦੇ ਵਡਿਆਈਆ
ਆਪੇ ਹੀ ਕਰਮ ਕਰਾਇਦਾ॥

ਅਨੁਵਾਦ

366.

ਕੋਹਕੇ ਮਾਰੇ ਬਕਰੇ ਤਾਂਈ,
ਫਿਰ ਤੂੰ ਪ੍ਰਾਨੀ ਖਾਨਾਂ ਰਜਕੇ।
ਆਪਣੇ ਤਾਂਈ ਬੜਾ ਪਵਿੱਤਰ,
ਫਿਰ ਵੀ ਤੂੰ ਅਖਵਾਨਾਂ ਰਜਕੇ।

367.

ਸਾਡੇ ਕਹਿਨਾਂ ਚੌਕੇ ਉੱਤੇ,
ਹੋਰ ਕੋਈ ਦੂਜਾ ਨ ਆਵੇ।
ਭਰਿਸ਼ਟ ਤੁਸੀਂ ਹੋ ਇਸ ਤੋਂ ਸਾਡਾ,
ਚੌਂਕਾ ਕਿਤੇ ਭਿਟਿਆ ਨ ਜਾਵੇ।

368.

ਚੌਂਕੇ ਨੂੰ ਚਾਰੇ ਪਾਸਿਓਂ,
ਕਈ ਲਕੀਰਾਂ ਲਾਈ ਜਾਂਦੇ।
ਫਿਰ ਬਹਿ ਕੇ ਕੁਝ ਝੂਠੇ ਬੰਦੇ,
ਉਸ ਤੇ ਬੈਠ ਕੇ ਖਾਈ ਜਾਂਦੇ।

369.

ਮਤ ਭਿਟੋ ਮਤ ਭਿਟੋ ਕਹਿਕੇ,
ਤੁਸਾਂ ਦਾ ਇੰਝ ਕੁਰਲਾਈ ਜਾਣਾਂ।
ਤੁਹਾਡੇ ਛੋਹਣ ਨਾਲ ਇਹ ਸਾਡਾ,
ਅੰਨ ਇਹ ਨਿਸਫਲਜਾਈ ਜਾਣਾਂ।

ਗੁਰਬਾਣੀ

374.

ਵਡਹੁ ਵਡਾ ਵਡ ਮੇਦਨੀ
ਸਿਰੇ ਸਿਰਿ ਧੰਧੈ ਲਾਇਦਾ॥

375.

ਨਦਰਿ ਉਪਠੀ ਜੇ ਕਰੇ
ਸੁਲਤਾਨਾ ਘਾਹੁ ਕਰਾਇਦਾ॥

376.

ਦਰਿ ਮੰਗਨਿ ਭਿਖ ਨ ਪਾਇਦਾ॥੧੬॥

377.

ਸਲੋਕ ਮ: ॥੧॥
ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥

ਅਨੁਵਾਦ

370.

ਤਨ ਅਪਵਿਤਰ ਨਾਲ ਅਨੇਕਾਂ,
ਕੰਮ ਇਹ ਭੈੜੇ ਕਰਦੇ।
ਮਨ ਦੇ ਝੂਠੇ ਮੁੱਖ ਆਪਣੇ ਤੋਂ,
ਜਲਦੀਆਂ ਚੂਲੀਆਂ ਭਰਦੇ।

371.

ਨਾਨਕ ਸਤਿਗੁਰ ਕਥਨ ਇਹ ਕਰਦੇ,
ਸਚੇ ਪ੍ਰਭੂ ਨੂੰ ਧਿਆਈਐ।
ਮਨ ਸੁਚਾ ਪਵਿੱਤਰ ਕਰਕੇ,
ਪ੍ਰਭ ਸਚਾ ਮਿਲ ਪਾਈਐ।

372.

ਹਰ ਇੱਕ ਜੀਅ ਤੇ ਪ੍ਰਭੂ ਪਿਤਾ ਹੈ,
ਨਜ਼ਰ ਮੇਹਰ ਦੀ ਪਾਉਂਦਾ।
ਆਪਣੀ ਨਜ਼ਰ ਵਿੱਚ ਰੱਖਦੇ ਸਭ ਨੂੰ,
ਉਹ ਪ੍ਰਭ ਆਹਰੇ ਲਾਉਂਦਾ।

373.

ਆਪੇ ਮਾਣ ਮਰਤਬੇ ਬਖਸ਼ੇ,
ਆਪੇ ਆਹਰੇ ਲਾਵੇ।
ਆਪ ਹੀ ਸੂਝ ਸਮਤ ਬਖਸ਼ਕੇ,
ਉਤਮ ਕਾਜ ਕਰਾਵੇ।

ਗੁਰਬਾਣੀ

378.

ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ॥

379.

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥

380.

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥੧॥

381.

ਮਹਲਾ ਮ : ੧॥

ਜਿਉਂ ਜੋਰੁ ਸਿਰਨਾਵਣੀ ਆਵੈ ਵਾਰੋ ਵਾਰ॥

ਅਨੁਵਾਦ

374.

ਆਪ ਹੀ ਸਭ ਤੋਂ ਵੱਡਾ ਹੈ ਇਹ,
ਜਿਨ ਇਹ ਜਗਤ ਬਣਾਇਆ।
ਫਿਰ ਇਸ ਸਾਜੀ ਸ੍ਰਿਸ਼ਟੀ ਤਾਂਈ,
ਧੰਦਿਆਂ ਦੇ ਵਿੱਚ ਲਾਇਆ।

375.

ਜੇ ਪ੍ਰਭ ਕਿਸੇ ਸ਼ਹਿਨਸ਼ਾਹ ਤੇ,
ਵੀ ਕਹਿਰਵਾਨ ਹੋ ਜਾਵੇ।
ਕਖੋਂ ਹੌਲਾ ਕਰਕੇ ਉਸ ਨੂੰ,
ਉਸ ਤੋਂ ਘਾਹ ਕਟਾਵੇ।

376.

ਹਰ ਦਰ ਤੋਂ ਉਹ ਬੇਸ਼ਕ ਭਿਖਿਆ,
ਮੰਗਦੇ ਫਿਰਨ ਵਿਚਾਰੇ।
ਭਿਖਿਆ ਦੀ ਥਾਂ ਜਾਣਗੇ ਉਹ ਜਨ,
ਹਰ ਦਰ ਤੋਂ ਦੁਰਕਾਰੇ।

377.

ਠਗ ਚੋਰ ਜੇ ਕੋਈ ਕਿਸੇ ਦਾ,
ਘਰ ਠਗ ਘਰ ਲੈ ਆਵੇ।
ਠਗਿਆ ਧਨ ਪਦਾਰਥ ਆਪਣੇ,
ਪਿਤਰਾਂ ਤਾਂਈ ਪਹੁੰਚਾਵੇ।

ਗੁਰਬਾਣੀ

382.

ਜੂਠੇ ਜੂਠਾ ਮੁਖਿ ਵਸੈ
ਨਿਤ ਨਿਤ ਹੋਇ ਖੁਆਰੁ

383.

ਸੂਚੇ ਏਹਿ ਨ ਆਖੀਅਹਿ
ਬਹਨਿ ਜਿ ਪਿੰਡਾ ਧੋਇ॥

384.

ਸੂਚੇ ਸੇਈ ਨਾਨਕਾ ਜਿਨ
ਮਨਿ ਵਸਿਆ ਸੋਇ॥੨॥

385.

ਪਾਉੜੀ
ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥

ਅਨੁਵਾਦ

378.

ਸਚ ਮੁੱਚ ਹੀ ਉਹਦੇ ਪਿਤਰਾਂ ਨੂੰ,
ਜੇ ਵਸਤ ਉਹ ਮਿਲਦੀ ਅੱਗੇ।
ਤਾਂ ਫਿਰ ਵਸਤ ਸਿਆਨਣ ਤੇ,
ਉਹਨੂੰ ਦੋਸ਼ ਚੋਰੀ ਦਾ ਲਗੇ।

379.

ਉਹ ਦਲਾਲ ਜੋ ਪਿਤਰਾਂ ਦੇ ਲਈ,
ਐਸੀਆਂ ਕਾਢਾਂ ਕਢੇ।
ਮੁਨਸਿਫ ਪ੍ਰਭ ਜੀ ਸਤਿਗੁਰ,
ਕਹਿੰਦੇ, ਹੱਥ ਓਸਦੇ ਵੱਢੇ।

380.

ਅਗੇ ਮਿਲਣ ਦੇ ਬਾਰੇ ਸਤਿਗੁਰ,
ਏਹੋ ਨੇ ਫੁਰਮਾਉਂਦੇ।
ਹੱਥੀਂ ਕਿਰਤ ਕਰਕੇ ਜਿਹੜੇ,
ਹੱਥੀਂ ਧੰਨ ਵਰਤਾਉਂਦੇ।

381.

ਅਉਰਤ ਨੂੰ ਜਿਉਂ ਹਰ ਮਹੀਨੇ,
ਨਾਉਣੀ ਆਉਂਦੀ ਪਿਆਰੇ।
ਉਸ ਵੇਲੇ ਅਪਵਿਤਰ ਉਸਨੂੰ,
ਆਖਣ ਲਗਦੇ ਸਾਰੇ।

ਗੁਰਬਾਣੀ

386.

ਕੋਠੇ ਮੰਡਪ ਮਾੜੀਆ ਲਾਇ
ਬੈਠੇ ਕਰਿ ਪਾਸਾਰਿਆ ॥

387.

ਚੀਜ ਕਰਨਿ ਮਨਿ ਭਾਵਦੇ ਹਰਿ
ਬੁਝਨਿ ਨਾਹੀ ਹਾਰਿਆ ॥

388.

ਕਰਿ ਫੁਰਮਾਇਸਿ ਖਾਇਆ ਵੇਖਿ
ਮਹਲਤਿ ਮਰਣੁ ਵਿਸਾਰਿਆ ॥

389.

ਜਰੁ ਆਈ ਜੋਬਨਿ ਹਾਰਿਆ ॥੧੭॥

ਅਨੁਵਾਦ

382.

ਝੂਠੇ ਜਿਉਂ ਪ੍ਰਾਨੀ ਦੇ ਮੂੰਹ ਵਿੱਚ,
ਝੂਠ ਸਦਾ ਹੀ ਰਹਿੰਦਾ।
ਇਸ ਲਈ ਖੁਆਰ ਦੁੱਖਾਂ ਵਿੱਚ ਹੁੰਦਾ,
ਸੁੱਖ ਦੀ ਨੀਂਦ ਨਹੀਂ ਲੈਂਦਾ।

383.

ਸੁੱਚੇ ਉਹ ਨਹੀਂ ਆਖੇ ਜਾਂਦੇ,
ਜੋ ਨਿਤ ਉਠ ਕਰ ਇਸ਼ਨਾਨ।
ਮਲ ਮਲ ਪਿੰਡੇ ਧੋ ਕੇ ਜਿਹੜੇ,
ਪਵਿਤਰ ਹੋ ਬਹਿ ਜਾਣ।

384.

ਸਤਿਗੁਰ ਨਾਨਕ ਸੁੱਚੇ ਬਾਰੇ,
ਇਹ ਨੂਰੀ ਫਰਮਾਉਂਦੇ।
ਸੁੱਚੇ ਉਹ ਜੋ ਹਿਰਦੇ ਆਪਣੇ,
ਪ੍ਰਭ ਦੀ ਪ੍ਰੀਤ ਵਸਾਉਂਦੇ।

385.

ਕਾਠੀਆਂ ਸਣੇ ਅਤੁ ਸੁੰਦਰ ਘੋੜੇ,
ਹਵਾ ਤੋਂ ਦੌੜਨ ਤੇਜ਼ ਜੁ ਭਾਰੇ।
ਮਹਿਲ ਉਹਨਾਂ ਦੇ ਬੇਹਦ ਸੁੰਦਰ,
ਕਈ ਰੰਗਾਂ ਦੇ ਨਾਲ ਸ਼ਿੰਗਾਰੇ।

ਗੁਰਬਾਣੀ

390.

ਸਲੋਕ ਮ : ੧ ॥
ਜੇ ਕਰਿ ਸੂਤਕੁ ਮੰਨੀਐ
ਸਭ ਤੈ ਸੂਤਕ ਹੋਇ ॥

391.

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥

392.

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥

393.

ਪਹਿਲਾ ਪਾਣੀ ਜੀਉ ਹੈ,
ਜਿਤੁ ਹਰਿਆ ਸਭੁ ਕੋਇ ॥

ਅਨੁਵਾਦ

386.

ਮਹਿਲਾ ਵਿੱਚ ਸ਼ਾਮਿਆਨੇ ਸੁੰਦਰ,
ਖੁਲ੍ਹੇ ਪੈਰ ਪਸਾਰੇ ਵੇਖੋ।
ਮਨ ਵਿੱਚ ਹਉਮੈਂ ਧਾਰੀ ਬੈਠੇ,
ਲੈਂਦੇ ਮੌਜ ਨਜ਼ਾਰੇ ਵੇਖੋ।

387.

ਮਨ ਚਾਹੇ ਚੋਜ਼ ਤਮਾਸ਼ੇ ਕਰਕੇ,
ਰੰਗ ਰਲੀਆਂ ਚਿਤ ਧਾਰੀ ਬੈਠੇ।
ਪ੍ਰਭ ਦੀ ਰਤਾ ਪਹਿਚਾਨ ਨਹੀਂ ਕਰਦੇ,
ਜਨਮ ਮਨੁੱਖਾ ਹਾਰੀ ਬੈਠੇ।

388.

ਗਰੀਬਾਂ ਉੱਤੇ ਹੁਕਮ ਚਲਾਕੇ,
ਖਾਣ ਪੀਣ ਦੀ ਮੌਜ ਉਡਾਈ।
ਮਹਿਲ ਅਤੇ ਝਲਕ ਹੁਸਨ ਦੀ ਤੱਕ ਕੇ,
ਬੰਦੇ ਆਪਣੀ ਮੌਤ ਭੁਲਾਈ।

389.

ਜੋਬਨ ਦੇ ਨਸ਼ੇ ਵਿੱਚ ਜੀਹਨਾਂ ਮਸਤ,
ਹੋਇਆ ਕੋਈ ਸਾਰ ਨ ਜਾਣੀਂ।
ਗਫਲਤ ਵਿੱਚ ਬੇਢੇਪੇ ਹੱਥੋਂ,
ਹਾਰ ਗਏ ਉਹ ਨੂਰੀ ਪ੍ਰਾਣੀਂ।

ਗੁਰਬਾਣੀ

394.

ਸੂਤਕੁ ਕਿਉ ਕਰਿ ਰਖੀਐ
ਸੂਤਕੁ ਪਵੈ ਰਸੋਇ ॥

395.

ਨਾਨਕ ਸੂਤਕੁ ਏਵ ਨ ਉਤਰੈ
ਗਿਆਨੁ ਉਤਾਰੇ ਧੋਇ ॥੧॥

396.

ਮ : ੧ ॥
ਮਨ ਕਾ ਸੂਤਕੁ ਲੋਭੁ ਹੈ
ਜਿਹਵਾ ਸੂਤਕੁ ਕੂੜੁ ।

397.

ਅਖੀ ਸੂਤਕੁ ਵੇਖਣਾ
ਪਰਤ੍ਰਿਅ ਪਰ ਧਨ ਰੂਪੁ ॥

ਅਨੁਵਾਦ

390.

ਜੇ ਸੂਤਕ ਦੇ ਇਸ ਵਹਿਮ ਦੇ ਤਾਂਈ,
ਆਪਾਂ ਮੰਨੀਏ ਸਾਰੇ।
ਹਰ ਸ਼ੈ ਵਿੱਚ ਫਿਰ ਸੂਤਕ ਹੁੰਦਾ,
ਬਾਤ ਇਹ ਜਾਣੋਂ ਪਿਆਰੇ।

391.

ਗੋਹਾ ਅਤੇ ਲਕੜੀਆਂ ਜੋ,
ਬਾਲਣ ਦੇ ਕੰਮ ਆਉਂਦੇ।
ਸਭ ਵਿੱਚ ਕੀੜੇ ਆਦ ਕਈ ਹੁੰਦੇ,
ਜੋ ਸੂਤਕ ਹੈਨ ਕਹਾਉਂਦੇ

392.

ਅੰਨ ਦੇ ਦਾਣੇ ਜਿਤਨੇ ਵੀ ਹਨ,
ਜੋ ਆਪਾਂ ਸਾਰੇ ਖਾਂਦੇ।
ਹਰ ਇੱਕ ਵਿੱਚ ਕਈ ਜੀਵ ਨੇ ਹੁੰਦੇ,
ਨਜ਼ਰ ਨਹੀਂ ਭਾਂਵੇ ਆਂਦੇ।

393.

ਪਾਣੀ ਜਿਸ ਤੋਂ ਸਭ ਹਰਿਆਵਲ
ਜਗ ਉਤੇ ਹੈ ਹੋਈ।
ਉਸ ਵਿੱਚ ਵੀ ਹੈ ਜੀਵ ਜੰਤ ਦੀ,
ਕੁਰਬਲ ਕੁਰਬਲ ਹੋਈ।

ਗੁਰਬਾਣੀ

398.

ਕੰਨੀ ਸੂਤਕੁ ਕੰਨਿ ਪੈ
ਲਾਇਤਬਾਰੀ ਖਾਹਿ॥

399.

ਨਾਨਕ ਹੰਸਾ ਆਦਮੀ ਬਧੇ
ਜਮਪੁਰਿ ਜਾਹਿ॥੨॥

400.

ਸਲੋਕ ਮ : ੧॥
ਸਭੋ ਸੂਤਕੁ ਭਰਮੁ ਹੈ ਦੂਜੇ ਲਗੈ ਜਾਇ॥

401.

ਜੰਮਣ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥

ਅਨੁਵਾਦ

394.

ਸੂਤਕ ਤੋਂ ਕਿੰਞ ਬਚਿਆ ਜਾਵੇ,
ਸੂਤਕ ਬਿਨਾਂ ਨਾ ਕੋਈ।
ਹਰ ਖਾਣੇਂ ਵਿੱਚ ਸੂਤਕ ਹੈ ਬਈ,
ਵੇਖੋ ਖੋਹਲ ਰਸੋਈ।

395.

ਨਾਨਕ ਸੂਤਕ ਬਾਰੇ ਦਸਦੇ,
ਸੂਤਕ ਕਿਵੇਂ ਹਟਾਈਏ।
ਗਿਆਨ ਰੂਪ ਹੀ ਔਸ਼ਧ ਰਾਂਹੀ,
ਸੂਤਕ ਗਲ ਤੋਂ ਲਾਹੀਏ।

396.

ਮਨ ਦੇ ਸੂਤਕ ਵਿੱਚ ਉਹ ਫਾਥੇ,
ਜੋ ਹਰ ਸ਼ੈ ਦੇ ਮਤਵਾਲੇ।
ਝੂਠ ਬੋਲਣ ਦੇ ਕਾਰਨ ਹੋਏ,
ਉਹ ਜੀਭ ਦੇ ਸੂਤਕ ਵਾਲੇ।

397.

ਪਰ ਔਰਤ ਅਤੇ ਪਰ ਧਨ ਉੱਤੇ,
ਨਜ਼ਰ ਜੋ ਭੈੜੀ ਪਾਵੇ।
ਅੱਖਾਂ ਦਾ ਸੂਤਕ ਉਸ ਤਾਂਈ,
ਕਹਿੰਦੇ ਨੇ ਲੱਗ ਜਾਵੇ।

ਗੁਰਬਾਣੀ

402.

ਖਾਣਾ ਪੀਣਾ ਪਵਿਤ੍ਰ ਹੈ
ਦਿਤੋਨੁ ਰਿਜਕੁ ਸੰਬਾਹਿ ॥

403.

ਨਾਨਕ ਜਿਨ੍ਹੀ ਗੁਰਮੁਖਿ ਬੁਝਿਆ
ਤਿਨ੍ਹਾ ਸੂਤਕੁ ਨਾਹਿ ॥੩ ॥

404.

ਪਉੜੀ ॥
ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ
ਵਿਚਿ ਵਡੀਆ ਵਡਿਆਈਆ ॥

405.

ਸਹਿ ਮੇਲੇ ਤਾ ਨਦਰੀ ਆਈਆ ॥

ਅਨੁਵਾਦ

398.

ਕੰਨਾਂ ਦੇ ਮੂੰਹ ਨੇੜੇ ਕਰ ਜੋ,
ਚੁਗਲੀ ਨਿੰਦਿਆ ਕਰਦਾ।
ਕੰਨਾਂ ਦੇ ਉਹ ਸੂਤਕ ਰਾਂਹੀ,
ਕਹਿਣ ਸਿਆਣੇ ਮਰਦਾ।

399.

ਨਾਨਕ ਕਹਿਣ ਕਿ ਹੰਸਾਂ ਵਰਗੇ,
ਸੋਹਣੇ ਇਹ ਸਨ ਬੰਦੇ।
ਬਧੇ ਜਮਪੁਰ ਜਾਣਗੇ ਆਖ਼ਰ,
ਕਰਕੇ ਭੈੜੇ ਧੰਦੇ।

400

ਸੂਤਕ ਸਭ ਇਹ ਭਰਮ ਹੈ,
ਇਸਦੀ ਕਰੋ ਵਿਚਾਰ।
ਮਾਇਆ ਫਸੇ ਮਨੁੱਖ ਹੀ,
ਝਲਣ ਇਸਦੀ ਮਾਰ।

401.

ਜੰਮਣ ਮਰਣ ਹੈ ਹੁਕਮ ਪ੍ਰਭੂ ਵਿੱਚ,
ਹੁੰਦਾ ਜੋ ਉਸ ਨੂੰ ਭਾਂਦਾ।
ਉਸਦੇ ਘਲਿਆ ਆਉਂਦਾ ਪ੍ਰਾਨੀ,
ਉਸਦੇ ਸਦਿਆ ਜਾਂਦਾ।

ਗੁਰਬਾਣੀ

406.

ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥

407.

ਕਰਿਹੁਕਮੁ ਮਸਤਕਿ ਹਥੁ ਧਰਿ ਵਿਚਹੁ
ਮਾਰਿ ਕਢੀਆ ਬੁਰਿਆਈਆ ॥

408.

ਸਹਿ ਤੁਠੈ ਨਉ ਨਿਧਿਪਾਈਆ ॥੧੮॥

409.

ਸਲੋਕ ਮ :੧ ॥
ਪਹਿਲਾ ਸੁਚਾ ਆਪਿ ਹੋਇ
ਸੁਚੈ ਬੈਠਾ ਆਇ ॥

ਅਨੁਵਾਦ

402.

ਖਾਣੀ ਪੀਣਾ ਪਵਿਤਰ ਹੈ ਸਾਰਾ,
ਜੋ ਪ੍ਰਭ ਜੀ ਨੂੰ ਭਾਂਦਾ।
ਆਪ ਪ੍ਰਭੂ ਉਹ ਰਾਜ਼ਕ ਸਭ ਦਾ,
ਸਭ ਨੂੰ ਦੇਈ ਜਾਂਦਾ।

403.

ਨਾਨਕ ਕਹਿਣ ਇਹ ਜੀਹਨਾਂ ਗੁਰਮੁਖਾਂ,
ਸਮਝੀ ਇਹ ਸਚਿਆਈ।
ਉਹਨਾਂ ਤਾਂਈ ਸੂਤਕ ਪਾਤਕ ਉੱਕਾ,
ਲਗਦਾ ਨਹੀਂ ਹੈ ਭਾਈ।

404

ਸਭ ਤੋਂ ਵੱਡਾ ਸਤਿਗੁਰ ਹੈ ਜੀ,
ਉਸ ਨੂੰ ਸਦਾ ਸਲਾਹੀਏ।
ਵੱਡੀਆਂ ਵਡਿਆਈਆਂ ਦਾ ਉਹ ਮਾਲਕ,
ਇਸ ਲਈ ਉਹ ਵਡਿਆਈਏ।

405.

ਜੀਹਨਾਂ ਦੇ ਤਾਂਈ ਸਤਿਗੁਰ ਜੀ ਨੇ,
ਪ੍ਰਭ ਜੀ ਤਾਂਈ ਮਿਲਾਇਆ।
ਅੱਖੀ ਵੇਖ ਉਹਨਾਂ ਗੁਣ ਉਸਦੇ,
ਉਸਨੂੰ ਹੈ ਵਡਿਆਇਆ।

ਗੁਰਬਾਣੀ

410.

ਸੁਚੇ ਅਗੈ ਰਖਿਓਨੁ ਕੋਇ ਨ
ਭਿਟਿਓ ਜਾਇ॥

411.

ਸੁਚਾ ਹੋਇਕੈ ਜੇਵਿਆ ਲਗਾ
ਪੜਣਿ ਸਲੋਕੁ॥

412.

ਕੁਹਥੀ ਜਾਈ ਸਟਿਆ
ਕਿਸੁ ਏਹੁ ਲਗਾ ਦੋਖੁ॥

413.

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ
ਪਾਇਆ ਘਿਰਤੁ ਤਾ ਹੋਆ ਪਾਕੁ ਪਵਿਤੁ॥

ਅਨੁਵਾਦ

406.

ਜੇ ਪ੍ਰਭ ਭਾਂਵੇ ਤਾਂ ਵਸ ਸਕਦਾ ਹੈ,
ਉਹਨਾਂ ਦੇ ਮਨ ਪ੍ਰਭ ਪਿਆਰਾ।
ਜੋ ਪ੍ਰਭ ਹੈ ਕਣ ਕਣ ਵਿੱਚ ਵਸਦਾ,
ਨੂਰ ਉਹਦਾ ਇਹ ਸਾਰਾ।

407.

ਹੁਕਮ ਹੋਵੇ ਤਾਂ ਜਿਸ ਪ੍ਰਾਨੀ ਦੇ ਉਹ,
ਹੱਥ ਮਸਤਕ ਤੇ ਧਰਦਏ।
ਮਨੋਂ ਉਸ ਦਿਉਂ ਬੁਰਿਆਈਆਂ ਕਢਕੇ,
ਸੱਚਾ ਸੁੱਚਾ ਕਰ ਦਏ।

408

ਪ੍ਰਭੂ ਪਤੀ ਪ੍ਰਸੰਨ ਜੇ ਹੋ ਕੇ,
ਉਸਦੇ ਜਾਏ ਬਲਹਾਰੇ।
ਇਸ ਦੁਨੀਆਂ ਦੇ ਕੁਲ ਪਦਾਰਥ,
ਮਿਲਣਗੇ ਉਸ ਨੂੰ ਸਾਰੇ।

409.

ਸਭ ਤੋਂ ਪਹਿਲਾਂ ਨ੍ਹਾਂ ਧੋ ਪੰਡਤ,
ਪਾਕ ਪਵਿੱਤਰ ਸੁੱਚਾ ਹੋਇਆ।
ਸੁੱਚੇ ਚੌਂਕੇ ਵਿੱਚ ਫਿਰ ਬਹਿਕੇ,
ਆਪਣਾ ਬਣਦਾ ਕਾਰਜ ਛੋਹਿਆ।

ਗੁਰਬਾਣੀ

414.

ਪਾਪੀ ਸਿਉ ਤਨੁ ਗਡਿਆ
ਥੁਕਾ ਪਈਆ ਤਿਤੁ ॥

415.

ਜਿਤੁ ਮੁਖਿ ਨਾਮੁ ਨ ਊਚਰਹਿ
ਬਿਨੁ ਨਾਵੈ ਰਸ ਖਾਹਿ ॥

416.

ਨਾਨਕ ਏਵੈ ਜਾਣੀਐ
ਤਿਤੁ ਮੁਖਿ ਥੁਕਾ ਪਾਹਿ ॥੧॥

417.

ਮ : ੧ ॥
ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ

ਅਨੁਵਾਦ

410.

ਜਜ਼ਮਾਨੀਆਂ ਉਸਦੇ ਅੱਗੇ,
ਭੋਜਨ ਸੁੱਚਾ ਆਣ ਟਿਕਾਇਆ।
ਸੁੱਚੇ ਮਨ ਪਦਾਰਥ ਸਾਰੇ,
ਭਿਟਣ ਲਈ ਕਿਸੇ ਹੱਥ ਨ ਲਾਇਆ।

411.

ਸੁੱਚੇ ਹੋ ਕੇ ਖਾ ਕੇ ਪੰਡਤ,
ਫਿਰ ਉਸ ਕੁਝ ਸਲੋਕ ਉਚਾਰੇ।
ਸਤਿਗੁਰ ਜੀ ਨੇ ਦਸਦੇ ਅੱਗੇ,
ਉਸ ਦੀ ਇਸ ਸੁਚਮ ਦੇ ਬਾਰੇ।

412

ਗੰਦੇ ਥਾਂ ਤੇ ਸੁੱਚਾ ਭੋਜਨ,
ਕਿਸ ਨੇ ਹੈ ਵੇਖੋ ਸੁਟ ਪਾਇਆ।
ਗੰਦੇ ਢਿਡ ਵਿੱਚ ਸੁਟਣ ਦਾ ਇਹ,
ਦੋਸ਼ ਇਹ ਕਿਸ ਤੇ ਆਇਆ।

413.

ਅੰਨ ਪਾਣੀ ਅੱਗ ਤੇ ਲੂਣ ਦੇਵਤੇ,
ਮੰਨੇ ਗਏ ਇਹ ਸਾਰੇ।
ਪੰਜਵਾਂ ਘਿਉ ਇਹਨਾਂ ਵਿੱਚ ਪਾਇਆ,
ਹੋ ਗਏ ਇਹ ਪਵਿੱਤਰ ਸਾਰੇ।

ਗੁਰਬਾਣੀ

418.

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

419.

ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥

420.

ਸੋ ਕਿਉਂ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥

421.

ਭੰਡਹੁ ਹੀ ਭੰਡੁ ਊਪਜੈ
ਭੰਡੈ ਬਾਝੁ ਨ ਕੋਇ॥

ਅਨੁਵਾਦ

414.

ਇਹਨਾਂ ਪਵਿੱਤਰ ਦੇਵਤਿਆਂ ਦੀ
ਗੰਦ ਵਿੱਚ ਹੋਈ ਸਮੋਈ।
ਗੰਦੇ ਢਿਡ ਵਿੱਚ ਮਿਲਣ ਦੇ ਸਦਕੇ,
ਦੂਰ ਦੂਰ ਦੂਰ ਦੂਰ ਹੋਈ।

415.

ਜਿਨ੍ਹਾਂ ਮੂੰਹਾਂ ਤੋਂ ਪ੍ਰਭ ਨਾਮ ਦੀ ਸਿਫ਼ਤ
ਨਹੀਂ ਨੇ ਪ੍ਰਾਨੀ ਗਾਉਂਦੇ।
ਉਹਨਾਂ ਮੂੰਹਾਂ ਦੇ ਲਾਅਨਤ ਪਾਉ,
ਜੋ ਖਾਂਦੇ ਨੇ ਮਨ ਭਾਉਂਦੇ।

416

ਨਾਨਕ ਸਤਿਗੁਰ ਏਦਾਂ ਕਹਿੰਦੇ,
ਉਹ ਮੂੱਖ ਏਂਦਾ ਜਾਣੋ।
ਉਹ ਮੂੰਹ ਥੁਕਣ ਯੋਗ ਨੇ ਸਮਝੋ,
ਐਨੇ ਭੈੜੇ ਠਾਣੋ।

417.

ਇਸਤ੍ਰੀ ਤੋਂ ਸਭ ਪੈਦਾ ਹੁੰਦੇ,
ਇਸ ਨੂੰ ਹੀ ਸਭ ਜੰਮਣ।
ਜਵਾਨ ਹੋਣ ਤਾ ਵਿਆਹ ਕੁੜਮਾਈ
ਵਰ ਇਸ ਦਾ ਹੀ ਮੰਗਣ।

ਗੁਰਬਾਣੀ

422.

ਨਾਨਕ ਭੰਡੈ ਬਾਹਰਾ
ਏਕੋ ਸਚਾ ਸੋਇ॥

423.

ਜਿਤੁ ਮੁਖਿ ਸਦਾ ਸਾਲਾਹੀਐ
ਭਾਗਾ ਰਤੀ ਚਾਰਿ॥

424.

ਨਾਨਕ ਤੇ ਮੁਖਿ ਊਜਲੇ
ਤਿਤੁ ਸਚੈ ਦਰਬਾਰਿ॥ ੨॥

425.

ਪਉੜੀ॥
ਸਭੁ ਕੋ ਆਖੈ ਆਪਣਾ ਜਿਸੁ ਨਾਹੀ
ਸੋ ਚੁਣਿ ਕਢੀਐ॥

ਅਨੁਵਾਦ

418.

ਇਸਤ੍ਰੀ ਨਾਲ ਦੋਸਤੀ ਨਿਭਦੀ,
ਇਸਤ੍ਰੀ ਰਾਹ ਦਸੇਰਾ।
ਰਿਸ਼ਤੇ ਨਾਤੇ ਜੋੜ ਇਹਦੇ ਸੰਗ
ਇਸ ਨਾਲ ਹੋਏ ਬਸੇਰਾ।

419.

ਇਸਤ੍ਰੀ ਜੇਕਰ ਮਰ ਜਾਏ,
ਪਹਿਲੀ, ਭਾਲਣ ਹੋਰ ਹਾਂ ਜਾਂਦੇ।
ਬੰਧਨ ਰਿਸ਼ਤੇਦਾਰੀ ਵਾਲੇ,
ਇਸ ਨਾਲ ਹੋਰ ਵਧਾਂਦੇ।

420

ਇਸਤ੍ਰੀ ਨੂੰ ਕਿਉਂ ਮੰਦਾ ਕਹੀਏ,
ਇਸਤ੍ਰੀ ਜਗ ਦਾ ਥਮਣ।
ਇਸ ਤੋਂ ਰਾਜੇ ਰਾਣੇ ਜੋਗੀ,
ਤਪੀ ਤਪੀਸਰ ਜੰਮਣ।

421.

ਇਸਤ੍ਰੀ ਤੋਂ ਹੋਏ ਇਸਤ੍ਰੀ ਪੈਦਾ,
ਇਹ ਹੈ ਇੱਕ ਸਚਿਆਈ।
ਇਸਦੇ ਬਾਝੋਂ ਪੁਰਸ਼ ਇਸਤ੍ਰੀ,
ਕੋਈ ਨਹੀਂ ਜਗ ਤੇ ਆਈ।

ਅਨੁਵਾਦ

422.

ਸਤਿਗੁਰ ਕਹਿਣ ਕਿ ਇਸਤ੍ਰੀ ਬਾਝੋਂ,
ਸੱਚਾ ਇੱਕ ਪ੍ਰਭ ਪਿਆਰਾ।
ਉਹ ਹੀ ਬਿਨਾਂ ਇਸਤ੍ਰੀ ਆਇਆ,
ਜਗਦਾ ਸਿਰਜਣ ਹਾਰਾ।

423.

ਆਪਣੇ ਮੁੱਖ ਤੋਂ ਜਿਹੜਾ ਪ੍ਰਾਨੀ,
ਗੁਣ ਉਸ ਪ੍ਰਭ ਦੇ ਗਾਵੇ।
ਭਾਗਮਣੀ ਉਹਦੇ ਮਸਤਿਕ ਸੋਹੈ,
ਭਾਗਵਾਨ ਅਖਵਾਵੈ।

424

ਸਤਿਗੁਰ ਨਾਨਕ ਉਹਨਾਂ ਦੇ ਬਾਰੇ,
ਨੂਰੀ ਇੰਞ ਫਰਮਾਵੈ।
ਸੱਚੇ ਮੁੱਖ ਦਰਬਾਰ ਪ੍ਰਭੂ ਵਿੱਚ,
ਮੁੱਖ ਉਜਲੇ ਉਹ ਜਾਵੇ।

425.

ਹਰ ਇਕ ਨੂੰ ਹਰ ਸ਼ੈ ਦੀ ਮਮਤਾ,
ਬੇਹਦ ਲਗੇ ਪਿਆਰੀ।
ਕੌਣ ਐਸਾ ਉਹ ਚੁਣਕੇ ਦਸੋ,
ਜਿਸ ਇਹ ਮਨੋਂ ਵਿਸਾਰੀ।

ਗੁਰਬਾਣੀ

426.

ਕੀਤਾ ਆਪੋ ਆਪਣਾ
ਆਪੇ ਹੀ ਲੇਖਾ ਸੰਢੀਐ ॥

427.

ਜਾ ਰਹਣਾ ਨਾਹੀ ਐਤੁ ਜਗਿ ਤਾ
ਕਾਇਤੁ ਗਾਰਬਿ ਹੰਢੀਐ ॥

428.

ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ

429.

ਮੂਰਖੈ ਨਾਲਿ ਨ ਲੁਝੀਐ ॥੧੯॥

ਅਨੁਵਾਦ

426.

ਆਪੋ ਆਪਣੇ ਕਰਮ ਜੋ ਕੀਤੇ,
ਹਰ ਇੱਕ ਜਗ ਦੇ ਪ੍ਰਾਨੀ।
ਲੇਖਾ ਸਭ ਨੂੰ ਭਰਨਾ ਪੈਣਾ,
ਕਹਿੰਦੇ ਗੁਣੀ ਗਿਆਨੀ।

427.

ਇਸ ਦੁਨੀਆਂ ਤੇ ਸਦਾ ਕਿਸੇ ਨੇ,
ਰਹਿਣਾ ਨਹੀਂ ਜਦ ਪਿਆਰੇ।
ਫਿਰ ਕਾਹਤੋਂ ਹੰਕਾਰ ਨੂੰ ਰਖਦਾਂ,
ਆਪਣੇ ਹਿਰਦੇ ਧਾਰੇ।

428.

ਮੰਦੇ ਬੋਲ ਕਿਸੇ ਦੇ ਤਾਂਈ ਫਿਰ,
ਕਿਉਂ ਆਖੋ ਭਾਈ।
ਪੜ੍ਹ ਕੇ ਤੈਨੂੰ ਕੁਝ ਅਖਰ ਵੀ,
ਸਮਝ ਰਤਾ ਨਹੀਂ ਆਈ।

429.

ਮੂਰਖ ਨਾਲ ਨਹੀਂ ਝਗੜਾ ਕਰਨਾ,
ਸਤਿਗੁਰ ਜੀ ਸਮਝਾਉਂਦੇ।
ਮੂਰਖ ਕਦੇ ਨਹੀਂ ਬਾਤ ਸਮਝ ਦੀ,
ਆਪਣੇ ਚਿਤ ਵਸਾਉਂਦੇ।

ਗੁਰਬਾਣੀ

430.

ਸਲੋਕ ਮ:੧ ॥
ਨਾਨਕ ਫਿਕੈ ਬੋਲਿਐ
ਤਨੁ ਮਨੁ ਫਿਕਾ ਹੋਇ ॥

431.

ਫਿਕੋ ਫਿਕਾ ਸਦੀਐ
ਫਿਕੇ ਫਿਕੀ ਸੋਇ ॥

432.

ਫਿਕਾ ਦਰਗਹ ਸਟੀਐ
ਮੁਹਿ ਥੁਕਾ ਫਿਕੇ ਪਾਇ ॥

433.

ਫਿਕਾ ਮੂਰਖੁ ਆਖੀਐ
ਪਾਣਾ ਲਹੈ ਸਜਾਇ ॥੧ ॥

ਅਨੁਵਾਦ

430.

ਨਾਨਕ ਕਹਿਣ ਬੋਲ ਜੋ ਫਿਕੇ,
ਬੋਲਣ ਜਗ ਤੇ ਭਾਈ।
ਤਨ ਮਨ ਉਹਨਾਂ ਦਾ ਹੋਜਾਊ ਫਿਕਾ,
ਇਹ ਹੈ ਇੱਕ ਸਚਾਈ।

431.

ਫਿਕੇ ਨੂੰ ਸਭ ਕਹਿਣਗੇ ਫਿਕਾ,
ਨਾਮ ਫਿਕਾ ਪੈ ਜਾਊ।
ਫਿਕੇ ਉਸ ਪ੍ਰਾਨੀ ਨੂੰ ਨ ਕੋਈ,
ਪਿਆਰ ਦੇ ਨਾਲ ਬਲਾਊ।

432.

ਫਿਕਾ ਬੋਲਣ ਵਾਲਾ ਪ੍ਰਾਨੀ,
ਦਰ ਪ੍ਰਭ ਦੇ ਜਦ ਜਾਊ।
ਦੂਰ ਦੂਰ ਉਸ ਦੀ ਹੋਏਗੀ ਉਥੇ,
ਥੁਕਾਂ ਮੂੰਹ ਪਵਾਊ।

433.

ਫਿਕੇ ਪ੍ਰਾਨੀ ਤਾਂਈ ਆਖੋ,
ਮੂਰਖ ਇਹ ਹੈ ਭਾਈ।
ਜੁੱਤੀਆਂ ਦੀ ਸਜ਼ਾ ਉਹਦੇ ਲਈ,
ਨਾਨਕ ਗੁਰੂ ਸਣਾਈ।

ਗੁਰਬਾਣੀ

434.

ਸਲੋਕ ਮ:੧ ॥
ਅੰਦਰਹੁ ਝੂਠੇ ਪੈਜ ਬਾਹਿਰ
ਦੁਨੀਆ ਅੰਦਿਰ ਫੈਲੁ ॥

435.

ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ ॥

436.

ਜਿਨ ਪਟੁ ਅੰਦਰਿ ਬਾਹਰਿ
ਗੁਦੜੁ ਤੇ ਭਲੇ ਸੰਸਾਰਿ ॥

437.

ਤਿਨ ਨੇਹੁ ਲਗਾ ਰਬ ਸੇਤੀ
ਦੇਖਨੇ ਵੀਚਾਰਿ ॥

ਅਨੁਵਾਦ

434.

ਅੰਦਰੋਂ ਝੂਠੇ ਕਪਟੀ ਪ੍ਰਾਨੀ,
ਬਾਹਰੋਂ ਭੇਖ ਬਣਾਈ ਫਿਰਦੇ।
ਹੇਰਾ ਫੇਰੀਆਂ ਕਰਦੇ ਹੋਏ,
ਧਰਮ ਦਾ ਲੇਬਲ ਲਾਈ ਫਿਰਦੇ।

435.

ਅਠਾਹਟਾਂ ਤੀਰਥਾਂ ਤੇ ਜਾ ਜਾ ਕੇ,
ਕਰਦੇ ਨੇ ਭਾਵੇਂ ਇਸ਼ਨਾਨ।
ਪਾਪਾਂ ਦੀ ਮੈਲ ਕਦੇ ਨ ਲਹਿੰਦੀ,
ਬੇਸ਼ਕ ਯਤਨ ਅਨੇਕਾਂ ਲਾਨ।

436.

ਅੰਦਰੋਂ ਪ੍ਰੇਮ ਰੂਪ ਪਟ ਰੇਸ਼ਮ,
ਨਿਮਰਤਾ ਦੇ ਵਿੱਚ ਮਤਵਾਲੇ।
ਬਾਹਰੋਂ ਭਾਵੇਂ ਮੈਲੇ ਗੁਦੜ,
ਫਿਰ ਵੀ ਭਲੇ ਪੁਰਸ਼ ਉਹ ਬਾਹਲੇ।

437.

ਰਬ ਨਾਲ ਪਿਆਰ ਉਹਨਾਂ ਦਾ ਲਗਾ,
ਮਨ ਵਿੱਚ ਉਹ ਕਰਦੇ ਵੀਚਾਰ।
ਚਾਹਤ ਉਹਨਾਂ ਦੀ ਏਹੋ ਹੈ ਇੱਕ,
ਪ੍ਰਭ ਜੀ ਦੇ ਕਰੀਏ ਦੀਦਾਰ।

ਗੁਰਬਾਣੀ

438.

ਰੰਗਿ ਹਸਹਿ ਰੰਗਿ ਰੋਵਹਿ
ਚੁਪ ਭੀ ਕਰਿ ਜਾਹਿ ॥

439.

ਪਰਵਾਹ ਨਾਹੀ ਕਿਸੇ
ਕੇਰੀ ਬਾਝੁ ਸਚੇ ਨਾਹ ॥

440.

ਦਰਿ ਵਾਟ ਉਪਰਿ ਖਰਚੁ
ਮੰਗਾ ਜਬੈ ਦੇਇ ਤ ਖਾਹਿ ॥

441.

ਦੀਬਾਨੁ ਏਕੋ ਕਲਮ
ਏਕਾ ਹਮਾ ਤੁਮਾ ਮੇਲੁ ॥

ਅਨੁਵਾਦ

438.

ਪ੍ਰਭੂ ਰੰਗ ਵਿੱਚ ਮਸਤ ਉਹ ਰਹਿੰਦੇ,
ਮਸਤੀ ਵਿੱਚ ਕਦੇ ਉਹ ਹੱਸਣ।
ਰੋਣ ਕਦੇ ਉਹ ਮਸਤੀ ਅੰਦਰ,
ਕਦੇ ਚੁੱਪ ਹੋ ਕੁਝ ਨ ਦੱਸਣ।

439.

ਕਿਸੇ ਦੀ ਉਹ ਪਰਵਾਹ ਨਹੀਂ ਕਰਦੇ,
ਨਾ ਉਹ ਹਨ ਮੋਹਤਾਜ ਕਿਸੇ ਦੇ।
ਪ੍ਰਭੂ ਪਤੀ ਦੇ ਉਹ ਦੀਵਾਨੇ,
ਹੋਰ ਨਹੀਂ ਉਹ ਹਮਰਾਜ ਕਿਸੇ ਦੇ।

440.

ਜੀਵਨ ਰੂਪੀ ਮਾਰਗ ਤੁਰਦੇ,
ਪ੍ਰਭ ਤੋਂ ਮੰਗਣ ਨਾਮ ਖੁਰਾਕ।
ਦੇਵੇ ਰਬ ਤਾਂ ਖਾ ਲੈਂਦੇ ਨੇ,
ਰਬ ਜੀ ਦੇ ਐਨੇ ਮੁਸ਼ਤਾਕ।

441.

ਉਹਨਾਂ ਦਾ ਨਿਸਚਾ ਕਿ ਪ੍ਰਭ ਹੀ,
ਆਪ ਆਦਲ ਤੇ ਆਪੇ ਲੇਖਾਰੀ।
ਚੰਗੇ ਮੰਦੇ ਸਭ ਦਾ ਮੇਲਾ,
ਉਸ ਦੇ ਦਰ ਹੋਣਾ ਇਕਵਾਰੀ।

ਗੁਰਬਾਣੀ

442.

ਦਰਿ ਲਏ ਲੇਖਾ ਪੀੜਿ ਛੁਟੈ
ਨਾਨਕਾ ਜਿਉ ਤੇਲੁ ॥੨॥

443.

ਪਾਉੜੀ ॥
ਆਪੇ ਹੀ ਕਰਣਾ ਕੀਓ
ਕਲ ਆਪੇ ਹੀ ਤੈ ਧਾਰੀਐ ॥

444.

ਦੇਖਹਿ ਕੀਤਾ ਆਪਣਾ
ਧਰਿ ਕਚੀ ਪਕੀ ਸਾਰੀਐ ॥

445.

ਜੋ ਆਇਆ ਸੋ ਚਲਸੀ
ਸਭੁ ਕੋਈ ਆਈ ਵਾਰੀਐ ॥

ਅਨੁਵਾਦ

442.

ਮੰਦਿਆਂ ਨੂੰ ਇਉਂ ਪੀੜਨਾ ਉਸਨੇ,
ਕੋਹਲੂ ਵਿੱਚ ਜਿਉਂ ਕੱਢਣਾ ਤੇਲ।
ਨਾਨਕ ਸਭਦਾ ਲੇਖਾ ਹੋਣਾ,
ਇਹ ਨਹੀਂ ਕੋਈ ਬੱਚਿਆਂ ਦਾ ਖੇਲ।

443.

ਆਪ ਹੀ ਪ੍ਰਭੂ ਜੀ ਰਚਕੇ ਸ੍ਰਿਸ਼ਟੀ,
ਆਪ ਹੀ ਇਹ ਸਭ ਖੇਲ ਰਚਾਈ।
ਜਿੰਦ ਰੂਪ ਇਹ ਸਤਿਆ ਪਾ ਕੇ,
ਆਪ ਹੀ ਦੁਨੀਆਂ ਆਹਰੇ ਲਾਈ।

444.

ਆਪਣਾ ਕੀਤਾ ਆਪੇ ਹੀ ਪ੍ਰਭ,
ਵੇਖ ਰਿਹਾ ਹੈ ਜਾਣ ਰਿਹਾ ਹੈ।
ਜੀਵ ਰੂਪ ਇਹਨਾਂ ਸਭ ਨਰਦਾਂ ਦੀ,
ਖੁਦ ਉਹ ਕਰ ਪਹਿਚਾਣ ਰਿਹਾ ਹੈ।

445.

ਜੋ ਵੀ ਆਇਆ ਹੈ ਇਸ ਜਗਤੇ,
ਆਪਣੀ ਵਾਰੀ ਸਭ ਨੇ ਜਾਣਾ।
ਚਾਰ ਦਿਨਾਂ ਦਾ ਮੇਲਾ ਇਹ ਜਗ,
ਪਕਾ ਨ ਇਹ ਸਮਝ ਟਿਕਾਣਾ।

ਗੁਰਬਾਣੀ

446.

ਜਿਸ ਕੇ ਜੀਅ ਪਰਾਣ ਹਹਿ
ਕਿਉ ਸਾਹਿਬੁ ਮਨਹੁ ਵਿਸਾਰੀਐ ॥

447.

ਆਪਣ ਹਥੀ ਆਪਣਾ
ਆਪੇ ਹੀ ਕਾਜੁ ਸਵਾਰੀਐ ॥੨੦॥

448.

ਸਲੋਕ ਮ :੧ ॥
ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥

449.

ਨਾਨਕ ਆਸਕੁ ਕਾਂਢੀਐ ਸਦਹੀ ਰਹੈ ਸਮਾਇ ॥

ਅਨੁਵਾਦ

446.

ਜਿਸ ਨੇ ਜਿੰਦ ਪ੍ਰਾਨ ਇਹ ਬਖ਼ਸ਼ੇ,
ਉਹ ਸਾਹਿਬ ਨ ਮਨੋ ਵਿਸਾਰੋ।
ਉਸ ਦੇ ਹੀ ਸ਼ੁਕਰਾਨੇ ਅੰਦਰ,
ਹਰ ਪਲ ਉਸ ਦਾ ਸ਼ੁਕਰ ਗੁਜ਼ਾਰੋ।

447.

ਆਪਣੇ ਹੱਥਾਂ ਨਾਲ ਹੀ ਆਪਣਾ,
ਐ ਪ੍ਰਾਨੀ ਸਭ ਕਾਜ ਸਵਾਰੋ।
ਸਿਮਰਨ ਪ੍ਰਭ ਦਾ ਕਾਜ ਹੈ ਅਸਲੀ,
ਇਸ ਲਈ ਸਿਮਰਨ ਹਿਰਦੇ ਧਾਰੋ।

448.

ਜੇ ਕੋਈ ਆਸ਼ਕ ਆਪਣੇ ਪਿਆਰੇ ਬਿਨ,
ਹੋਰ ਦੂਜੇ ਨਾਲ ਕਰਦਾ ਪਿਆਰ।
ਉਹ ਸੱਚਾ ਪ੍ਰੇਮੀ ਨਹੀਂ ਪਿਆਰੇ,
ਨ ਉਹ ਜਾਣੂ ਇਸ਼ਕ ਦੀ ਸਾਰ।

449.

ਨਾਨਕ ਆਖਣ ਸਚਾ ਆਸ਼ਕ,
ਉਹ ਹੀ ਆਖਿਆ ਜਾਵੇ।
ਆਪਣੇ ਯਾਰ ਦੀ ਯਾਦ 'ਚ ਡੁਬਾ,
ਜੋ ਭਰਦਾ ਹਰ ਦਮ ਹਾਵੇ।

ਗੁਰਬਾਣੀ

450.

ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥

451.

ਆਸਕੁ ਏਹੁਨ ਆਖੀਐ
ਜਿ ਲੇਖੈ ਵਰਤੈ ਸੋਇ॥੧॥

452.

ਮ :੨॥
ਸਲਾਮੁ ਜਬਾਬੁ ਦੋਵੈ ਕਰੇ
ਮੁੰਢਹੁ ਘੁਥਾ ਜਾਇ॥

453.

ਨਾਨਕ ਦੋਵੈ ਕੂੜੀਆ ਥਾਇ,
ਨ ਕਾਈ ਪਾਇ॥੧॥

ਅਨੁਵਾਦ

450.

ਚੰਗੇ ਸਮੇਂ ਵੀ ਖੁਸ਼ੀਆਂ ਅੰਦਰ,
ਪਿਆਰ ਦੇ ਗੁਣ ਅਪਨਾਵੇ।
ਭੈੜੇ ਸਮੇਂ ਵੀ ਹਸਕੇ ਆਪਣੇ,
ਪ੍ਰੀਤ ਦੀ ਰੀਤ ਨਿਭਾਵੇ।

451.

ਉਹ ਸੱਚਾ ਆਸ਼ਕ ਨਹੀਂ ਹੁੰਦਾ,
ਸਤਿਗੁਰ ਇਹ ਫੁਰਮਾਵੇ।
ਗਿਣ ਗਿਣ ਕੇ ਜੋ ਪਿਆਰ ਦੀਆਂ ਸਾਂਝਾ,
ਨੂਰੀ ਸਦਾ ਬਤਾਵੇ।

452.

ਕਦੇ ਮਾਲਕ ਨੂੰ ਸੀਸ ਨਿਵਾਵੇ,
ਕਦੇ ਜਵਾਬ ਸੁਣਾਵੇ।
ਉਹ ਮਾਲਕ ਦੇ ਰਾਹੋਂ ਖੁੰਝਿਆ,
ਪ੍ਰਾਨੀ ਜਾਣਿਆ ਜਾਵੇ।

453.

ਨਾਨਕ ਆਖਣ ਸਲਾਮ ਜਵਾਬ ਇਹ,
ਦੋਵੇਂ ਗੱਲਾਂ ਝੂਠ ਹੀ ਜਾਣ।
ਮਾਲਕ ਪ੍ਰਭ ਦੇ ਦਰਤੇ ਉੱਕਾ,
ਹੋਣੀ ਨਹੀਂ ਜੇ ਕੋਈ ਪਰਵਾਣ।

ਗੁਰਬਾਣੀ

454.

ਪਾਉੜੀ॥
ਜਿਤੁ ਸੇਵਿਐ ਸੁਖੁ ਪਾਈਐ
ਸੋ ਸਾਹਿਬੁ ਸਦਾ ਸਮਾਲੀਐ॥

455.

ਜਿਤੁ ਕੀਤਾ ਪਾਈਐ ਆਪਣਾ
ਸਾ ਘਾਲ ਬੁਰੀ ਕਿਉ ਘਾਲੀਐ॥

456.

ਮੰਦਾ ਮੂਲਿ ਨ ਕੀਚਈ,
ਦੇ ਲੰਮੀ ਨਦਰਿ ਨਿਹਾਲੀਐ।

457.

ਜਿਉ ਸਾਹਿਬ ਨਾਲਿ ਨ ਹਾਰੀਐ॥
ਤੇਵੇਹਾ ਪਾਸਾ ਢਾਲੀਐ॥

ਅਨੁਵਾਦ

454.

ਜਿਸ ਪ੍ਰਭ ਦੇ ਸਿਮਰਨ ਕਰਿਆ ਤੇ,
ਮਿਲਦੇ ਨੇ ਸੁਖ ਸਾਰੇ ਭਾਈ।
ਉਸ ਪ੍ਰਭ ਨੂੰ ਨ ਕਦੇ ਪ੍ਰਾਨੀ,
ਆਪਣੇ ਮਨੋਂ ਵਿਸਾਰੇ ਭਾਈ।

455.

ਆਪਣੀਆਂ ਕੀਤੀਆਂ ਕਰਤੂਤਾਂ ਦਾ ਫਲ,
ਐ ਪ੍ਰਾਨੀ ਤੈਨੂੰ ਪਾਉਣਾ ਪੈਣਾ।
ਬੁਰੇ ਕੰਮਾਂ ਤੋਂ ਤਾਂ ਫਿਰ ਪ੍ਰਾਨੀ,
ਆਪਾ ਵਰਜ ਹਟਾਉਣਾ ਪੈਣਾ।

456.

ਮੰਦਾ ਕੰਮ ਕਰਨ ਦੇ ਬਾਰੇ ਕਦੇਨ,
ਆਪਣੇ ਹਿਰਦੇ ਧਾਰੋ।
ਮੰਦੇ ਕੰਮ ਦਾ ਮੰਦਾ ਸਿੱਟਾ,
ਡੂੰਘੀ ਨਜ਼ਰ ਸੂਝ ਦੀ ਮਾਰੋ।

457.

ਪਿਆਰ ਓਸ ਦਾ ਕਦੇ ਨ ਟੁੱਟੇ,
ਐਸਾ ਕੋਈ ਉਪਰਾਲਾ ਕਰੀਏ।
ਹਰ ਦਮ ਯਾਦ ਉਹਦੀ ਵਿੱਚ ਜੁੜੀਏ,
ਪ੍ਰੀਤ ਉਹਦੀ ਦੀ ਹਾਮੀ ਭਰੀਏ।

ਗੁਰਬਾਣੀ

458.

ਕਿਛੁ ਲਾਹੇ ਉਪਰਿ ਘਾਲੀਐ ॥੨੧॥

459.

ਸਲੋਕੁ ਮ : ॥੨॥
ਚਾਕਰੁ ਲਗੈ ਚਾਕਰੀ
ਨਾਲੇ ਗਾਰਬੁ ਵਾਦੁ

460.

ਗਲਾ ਕਰੇ ਘਣੇਰੀਆ
ਖਸਮੁ ਨ ਪਾਏ ਸਾਦੁ ॥

461.

ਆਪੁ ਗਵਾਇ ਸੇਵਾ ਕਰੇ
ਤਾ ਕਿਛ ਪਾਏ ਮਾਨੁ ॥

ਗੁਰਬਾਣੀ

462.

ਨਾਨਕ ਜਿਸਨੋ ਲਗਾ
ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥

463.

ਮ : ੧ ॥
ਜੋ ਜੀਇ ਹੋਇ ਸੁ ਉਗਵੈ
ਮੁਹ ਕਾ ਕਹਿਆ ਵਾਉ ॥

464.

ਬੀਜੇ ਬਿਖੁ ਮੰਗੈ ਅੰਮ੍ਰਿਤ
ਵੇਖਹੁ ਏਹੁ ਨਿਆਉ ॥੨॥

465.

ਮ :੨ ॥
ਨਾਲਿ ਇਆਣੇ ਦੋਸਤੀ
ਕਦੇ ਨ ਆਵੈ ਰਾਸਿ ॥

ਅਨੁਵਾਦ

462.

ਸਤਿਗੁਰ ਨਾਨਕ ਐਸੇ ਜਨ ਦਾ,
ਕਰਦੇ ਨੇ ਵਖਿਆਨ।
ਆਪਣਾ ਆਪ ਗਵਾਉਣੇ ਵਾਲਾ,
ਪਾਉਂਦਾ ਸੇਵਕ ਮਾਨ।

463.

ਜੋ ਪ੍ਰਾਨੀ ਦੇ ਦਿਲ ਵਿੱਚ ਹੁੰਦਾ,
ਬੇਸ਼ਕ ਉਹ ਛਪਾਵੇ ਪ੍ਰਾਨੀ।
ਪਰ ਮੂੰਹ ਉਸਦੇ ਤੋਂ ਜਾਹਰ ਹੋ ਜਾਵੇ,
ਕਿਨਾ ਭੇਦ ਲੁਕਾਵੇ ਪ੍ਰਾਨੀ।

464.

ਜਹਿਰ ਬੀਜ ਕੇ ਅੰਮ੍ਰਿਤ ਮੰਗੇ,
ਵੇਖੋ ਇਹ ਇਨਸਾਫ਼।
ਵੇਕਾਰਾਂ ਵਿੱਚ ਫਸਿਆ ਪ੍ਰਾਨੀ,
ਹੋਵੇ ਗਾ ਕਿੰਝ ਮੁਆਫ਼।

465.

ਨਾਲ ਅੰਞਾਣ ਦੇ ਪ੍ਰੀਤ ਲਗਾਉਣੀ,
ਰਾਸ ਨਹੀਂ ਉੱਕਾ ਆਉਂਦੀ ਹੈ।
ਨਾ ਸਮਝੀ ਦੇ ਕਾਰਨ ਹੁੰਦੀ,
ਬਾਤ ਨਹੀਂ ਉੱਕਾ ਭਾਉਂਦੀ ਹੈ।

ਗੁਰਬਾਣੀ

466.

ਜੇਹਾ ਜਾਣੈ ਤੇਹੋ ਵਰਤੈ
ਵੇਖਹੁ ਕੋ ਨਿਰਜਾਸਿ॥

467.

ਵਸਤੂ ਅੰਦਰਿ ਵਸਤੁ
ਸਮਾਵੈ ਦੂਜੀ ਹੋਵੈ ਪਾਸਿ॥

468.

ਸਾਹਿਬ ਸੇਤੀ ਹੁਕਮੁ ਨ ਚਲੈ
ਕਹੀ ਬਣੈ ਅਰਦਾਸਿ॥

469.

ਕੂੜਿ ਕਮਾਣੈ ਕੂੜੋ ਹੋਵੈ
ਨਾਨਕ ਸਿਫਤਿ ਵਿਗਾਸਿ॥੩॥

ਅਨੁਵਾਦ

466.

ਉਹ ਅੰਞਾਣੀ ਸੂਝ ਮੁਤਾਬਿਕ,
ਕਰੂ ਅੰਞਾਣੇ ਕਾਰੇ।
ਨਿਰਣਾਂ ਕਰਕੇ ਵੇਖੋ ਭਾਂਵੇ, ਝੂਠ ਨਹੀਂ
ਇਸ ਵਿੱਚ ਪਿਆਰੇ।

467.

ਇੱਕ ਵਸਤੂ ਵਿੱਚ ਦੂਜੀ ਵਸਤੂ,
ਤਾਂਹੀਉਂ ਸਕੂ ਸਮਾ।
ਪਹਿਲੀ ਵਸਤੂ ਕੱਢ ਕੇ ਉਸ ਵਿੱਚ,
ਜੇ ਦੂਜੀ ਦੇਈਏ ਪਾ।

468.

ਮਾਲਕ ਅੱਗੇ ਹੁਕਮ ਨਹੀਂ ਚਲਦਾ,
ਸਤਿਗੁਰ ਇਹ ਫੁਰਮਾਉਂਦੇ।
ਮਾਲਕ ਅੱਗੇ ਮਿੰਨਤ ਜੋਦੜੀ,
ਪਿਆਰੇ ਨੇ ਕੰਮ ਆਉਂਦੇ।

469.

ਝੂਠੇ ਧੰਦੇ ਫਸੇ ਪ੍ਰਾਨੀ,
ਚਿੰਤਾ ਰੋਗ ਹੰਡਾਉਂਦੇ।
ਨਾਨਕ ਕਹਿਣ ਉਹ ਪਾਉਂਦੇ ਖੁਸ਼ੀਆਂ,
ਜੋ ਸੋਭਾ ਪ੍ਰਭ ਦੀ ਗਾਉਂਦੇ

ਗੁਰਬਾਣੀ

470.

ਮਹਲਾ ੨ ॥
ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥

471.

ਪਾਣੀ ਅੰਦਰਿ ਲੀਕ ਜਿਉ
ਤਿਸ ਕਾ ਥਾਉ ਨ ਥੇਹ ॥੪ ॥

472.

ਮਹਲਾ ॥੨ ॥
ਹੋਇ ਇਆਣਾਂ ਕਰੇ ਕੰਮੁ
ਆਣਿ ਨ ਸਕੈ ਰਾਸਿ ॥
ਜੇ ਇਕ ਅਧ ਚੰਗੀ ਕਰੇ
ਦੂਜੀ ਭੀ ਵੇਰਾਸਿ ॥

473.

ਪਾਉੜੀ ॥
ਚਾਕਰ ਲਗੈ ਚਾਕਰੀ ਜੇ ਚਲੈ ਖਸਮੈ ਭਾਇ

ਅਨੁਵਾਦ

470.

ਦੋਸਤੀ ਨਾਲ ਅੰਞਾਣ ਦੇ,
ਜਾਂ ਵਡਿਆਂ ਨਾਲ ਪਿਆਰ।
ਇਹ ਨਹੀਂ ਕਦੀ ਵੀ ਨਿਭਦੀ,
ਵੇਖੋ ਕਰ ਵਿਚਾਰ।

471.

ਪਾਣੀ ਅੰਦਰ ਲੀਕ ਜਿਉਂ,
ਲਾਈਏ ਨਾਲ ਧਿਆਨ।
ਮਿੱਟ ਜਾਂਦੀ ਉਹ ਪਲਾਂ ਵਿੱਚ,
ਰਹੇ ਨਾ ਨਾਮ ਨਿਸ਼ਾਨ।

472.

ਅੰਞਾਣ ਹੋਣ ਦੇ ਕਾਰਣ ਕੋਈ,
ਕੰਮ ਨਹੀਂ ਹੋਣਾਂ ਪੂਰਾ।
ਜੇ ਇੱਖ ਅਧ ਕੋਈ ਪੂਰਾ ਹੋ ਗਿਆ,
ਦੂਜਾ ਰਹੂ ਅਧੂਰਾ।

473.

ਨੌਕਰ ਜੇ ਆਪਣੇ ਮਾਲਕ ਦਾ,
ਹੋਵੇ ਕਹਿਣੇਕਾਰ ਪਿਆਰੇ।
ਹਰ ਕੰਮ ਕਰੇ ਮਾਲਕ ਦਾ,
ਹੁਕਮ ਉਹਦੇ ਅਨੁਸਾਰ ਪਿਆਰੇ।

ਗੁਰਬਾਣੀ

474.

ਹੁਰਮਤਿ ਤਿਸਨੋ ਅਗਲੀ
ਓਹੁ ਵਜਹੁ ਭਿ ਦੂਣਾ ਖਾਇ॥

475.

ਖਸਮੈ ਕਰੇ ਬਰਾਬਰੀ ਫਿਰਿ
ਗੈਰਤਿ ਅੰਦਰਿ ਪਾਇ॥

476.

ਵਜਹੁ ਗਵਾਏ ਅਗਲਾ
ਮੁਹੇ ਮੁਹਿ ਪਾਣਾ ਖਾਇ॥

477.

ਜਿਸ ਦਾ ਦਿਤਾ ਖਾਵਣਾ
ਤਿਸੁ ਕਹੀਐ ਸਾਬਾਸਿ॥

ਅਨੁਵਾਦ

474.

ਇਜ਼ਤ ਉਸਦੀ ਹੋਰ ਵਧੇਗੀ,
ਤਲਬ ਵੀ ਉਸ ਦੀ ਹੋਏਗੀ ਦੂਣੀ।
ਬਾਤ ਉਹਦੀ ਹਰ ਮਾਲਕ ਮੰਨੂੰ ,
ਮੰਗ ਉਸਦੀ ਕੋਈ ਰਹੂ ਨਾ ਊਣੀ।

475.

ਜੇ ਕੋਈ ਨੌਕਰ ਮਾਲਕ ਦੇ ਤੁਲ,
ਆਪਣਾ ਆਪ ਜਤਾਵੇਗਾ।
ਸ਼ਰਮਸਾਰ ਉਹ ਜਗ ਤੇ ਹੋਕੇ,
ਆਪਣੀ ਕਦਰ ਘਟਾਵੇਗਾ।

476.

ਆਪਣੀ ਪਹਿਲੀ ਤਲਬ ਘਟਾਕੇ,
ਆਪਣਾ ਮਾਨ ਘਟਾ ਲੈਗਾ।
ਦੂਰ ਦੂਰ ਉਸ ਦੀ ਵੱਖ ਹੋਵੇਗੀ,
ਮੂੰਹ ਤੇ ਜੁੱਤੀਆਂ ਖਾ ਲੈਗਾ।

477.

ਜਿਸ ਪ੍ਰਭ ਦਾ ਹੈ ਦਿੱਤਾ ਖਾਣਾ,
ਉਸਨੂੰ ਸਦਾ ਸਲਾਹੀਏ ਜੀ।
ਧਨਤਾ ਯੋਗ ਹੈ ਕਹਿਕੇ ਉਸਨੂੰ,
ਗੁਣ ਉਸ ਪ੍ਰਭ ਦੇ ਗਾਈਏ ਜੀ।

ਗੁਰਬਾਣੀ

478.

ਨਾਨਕ ਹੁਕਮੁ ਨ ਚਲਈ
ਨਾਲਿ ਖਸਮ ਚਲੈ ਅਰਦਾਸਿ ॥੨੨॥

479.

ਸਲੋਕੁ ਮਹਲਾ ੨ ॥
ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥

480.

ਨਾਨਕ ਸਾ ਕਰਮਾਤਿ
ਸਾਹਿਬ ਤੁਠੈ ਜੋ ਮਿਲੈ ॥੧॥

481.

ਮਹਲਾ ੨ ॥
ਏਹ ਕਿਨੇਹੀ ਚਾਕਰੀ
ਜਿਤੁ ਭਉ ਖਸਮ ਨ ਜਾਇ ॥

ਅਨੁਵਾਦ

478.

ਨਾਨਕ ਕਹਿਣ ਕਿ ਉਸ ਦੇ ਅੱਗੇ,
ਹੁਕਮ ਨ ਚਲਦਾ ਕਾਈ ਹੈ।
ਅਰਦਾਸ ਬੇਨਤੀ ਕਰਨੀ ਬਣਦੀ,
ਤਾਂ ਉਹ ਹੋਏ ਸਹਾਈ ਹੈ।

479.

ਜਿਹੜੀ ਸ਼ੈ ਆਪਣੇ ਉਦਮ ਤੋਂ,
ਪ੍ਰਾਨੀ ਜਗਤੇ ਪਾਉਂਦੇ ਨੇ।
ਉਹ ਪ੍ਰਭ ਦੀ ਬਖਸ਼ਿਸ਼ ਨਹੀਂ ਹੁੰਦੇ,
ਮਾਲਕ ਪ੍ਰਭ ਫਰਮਾਉਂਦੇ ਨੇ।

480.

ਮਿਹਰ ਬਾਨ ਜੇ ਪ੍ਰਭ ਜੀ ਹੋਕੇ,
ਪ੍ਰਾਨੀ ਨੂੰ ਕੋਈ ਬਖਸ਼ਨ ਦਾਤ।
ਉਹ ਪ੍ਰਭ ਜੀ ਦੀ ਬਖਸ਼ਿਸ਼ ਹੁੰਦੀ,
ਨਾਨਕ ਕਥਨ ਕਰਨ ਵਿੱਚ ਬਾਤ।

481.

ਚਾਕਰ ਦੀ ਇਹ ਕਾਹਦੀ ਚਾਕਰੀ,
ਜਿਸ ਵਿੱਚ ਉਹ ਮਸਰੂਰ ਨ ਹੋਵੇ।
ਖਸਮ ਪ੍ਰਭੂ ਦੀ ਚਾਕਰੀ ਕਰਦੇ,
ਡਰ ਭਉ ਉਸਦਾ ਦੂਰ ਨ ਹੋਵੇ।

ਗੁਰਬਾਣੀ

482.

ਨਾਨਕ ਸੇਵਕੁ ਕਾਢੀਐ
ਜਿ ਸੇਤੀ ਖਸਮ ਸਮਾਇ॥੨੨॥

483.

ਪਾਉੜੀ॥
ਨਾਨਕ ਅੰਤ ਨ ਜਾਪਨੀ
ਹਰਿ ਤਾ ਕੇ ਪਾਰਾਵਾਰ॥

484.

ਆਪਿ ਕਰਾਏ ਸਾਖਤੀ
ਫਿਰਿ ਆਪਿ ਕਰਾਏ ਮਾਰ॥

485.

ਇਕਨਾ ਗਲੀ ਜੰਜੀਰੀਆ
ਇਕਿ ਤੁਰੀ ਚੜਹਿ ਬਿਸੀਆਰ॥

ਅਨੁਵਾਦ

482.

ਸਚੇ ਸੇਵਕ ਉਹਹੀ ਹੁੰਦੇ,
ਨਾਨਕ ਜੀ ਫਰਮਾਂਦੇ ਨੇ।
ਪਿਆਰ 'ਚ ਮਾਲਕ ਸੇਵਕ ਦੋਵੇ,
ਇੱਕ ਰੂਪ ਹੋ ਜਾਂਦੇ ਨੇ।

483.

ਉਹ ਅਸਗਾਹ ਅਥਾਹ ਹੈ,
ਅੰਤ ਨ ਕੋਈ ਸੁਮਾਰ ਹੈ ਉਸਦਾ।
ਨਾਨਕ ਕਹਿੰਦੇ ਪ੍ਰਭ ਦਾ ਪਿਆਰੇ,
ਨ ਕੋਈ ਪਾਰਾ ਵਾਰ ਹੈ ਉਸ ਦਾ।

484.

ਆਪ ਹੀ ਜੀਵ ਨੂੰ ਪੈਦਾ ਕਰਦਾ,
ਫਿਰ ਆਪ ਹੀ ਦੇਂਦਾ ਮਾਰ ਹੈ ਪਿਆਰੇ।
ਉਸ ਪ੍ਰਭੂ ਜੀ ਦਾ ਆਏ ਨ ਉੱਕਾ,
ਕੋਈ ਵੀ ਪਾਰਾਵਾਰ ਹੈ ਪਿਆਰੇ।

485.

ਕਈ ਗੁਲਾਮ ਜਿਹਨਾਂ ਗਲ ਸੰਗਲ,
ਰਹੇ ਨੇ ਕਸ਼ਟ ਸਹਾਰ ਬਈ ਵੇਖੋ।
ਘੋੜਿਆ ਦੇ ਅਸਵਾਰ ਕਈ ਫਿਰਦੇ,
ਲੁਟਦੇ ਮੌਜ ਬਹਾਰ ਬਈ ਵੇਖੋ।

ਗੁਰਬਾਣੀ

486.

ਆਪਿ ਕਰਾਏ ਕਰੇ ਆਪਿ
ਹਉ ਕੈ ਸਿਉ ਕਰੀ ਪੁਕਾਰ॥

487.

ਨਾਨਕ ਕਰਣਾ ਜਿਨਿ ਕੀਆ
ਫਿਰਿ ਤਿਸਹੀ ਕਰਣੀ ਸਾਰ॥੨੩॥

488.

ਸਲੋਕ ਮ : ॥੧॥
ਆਪੇ ਭਾਂਡੇ ਸਾਜਿਆਨੁ ਆਪੇ ਪੂਰਨ ਦੇਇ॥

489.

ਇਕਨੀ ਦੁਧੁ ਸਮਾਈਐ
ਇਕਿ ਚੁਲੇ ਰਹਨਿ ਚੜੇ॥

ਅਨੁਵਾਦ

486.

ਇਹ ਸਭ ਖੇਲ ਤਮਾਸ਼ੇ ਸਾਰੇ,
ਉਹ ਪ੍ਰਭ ਕਰੇ ਕਰਾਏ ਪਿਆਰੇ।
ਕਿਸ ਅੱਗੇ ਫਰਿਆਦ ਕਰਾਂ ਮੈਂ,
ਕੋਈ ਐਸਾ ਨਜ਼ਰ ਨ ਆਏ ਪਿਆਰੇ।

487.

ਜਿਸ ਨੇ ਸਭ ਇਹ ਸ੍ਰਿਸ਼ਟੀ ਸਾਜੀ,
ਉਹ ਹੀ ਇਸ ਨੂੰ ਪਾਲ ਰਿਹਾ ਹੈ।
ਨਾਨਕ ਕਹਿਣ ਉਹ ਪ੍ਰਭ ਖੁਦ ਹੀ,
ਸਭ ਦੀ ਕਰ ਸੰਭਾਲ ਰਿਹਾ ਹੈ।

488.

ਸਰੀਰ ਰੂਪ ਜੀਵਾਂ ਦੇ ਭਾਂਡੇ,
ਸਾਜੇ ਨੇ ਪ੍ਰਭ ਸਾਜਨਹਾਰ।
ਆਪ ਹੀ ਹਰ ਸ਼ੈ ਪਾ ਇਹਨਾਂ ਵਿੱਚ,
ਪੂਰਨਤਾ ਕਰੇ ਆਪ ਦਾਤਾਰ।

489.

ਕਈ ਭਾਂਡੇ ਦੁੱਧ ਨਾਲ ਭਰੇ ਨੇ,
ਕਈ ਚੁਲਿਆਂ ਤੇ ਤਪ ਤਪ ਸੜਦੇ।
ਭਾਵ ਕਈ ਪ੍ਰਾਨੀ ਨੇ ਮੌਜਾਂ ਕਰਦੇ,
ਕਈ ਦੁਖਾਂ ਕਸ਼ਟਾਂ ਵਿੱਚ ਕੜ੍ਹਦੇ।

ਗੁਰਬਾਣੀ

490.

ਇਕਿ ਨਿਹਾਲੀ ਪੈ ਸਵਨਿ
ਇਕਿ ਉਪਰਿ ਰਹਨਿ ਖੜੇ ॥

491.

ਤਿਨਾ ਸਵਾਰੇ ਨਾਨਕਾ
ਜਿਨ ਕਉ ਨਦਰਿ ਕਰੇ ॥੧॥

492.

ਸਲੋਕ ਮ : ॥੨॥
ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥
ਤਿਸੁ ਵਿਚਿ ਜੰਤ ਉਪਾਇਕੈ ਦੇਖੈ ਥਾਪਿ ਉਥਾਪਿ ॥

493.

ਕਿਸਨੋ ਕਹੀਐ ਨਾਨਕਾ ਸਭੁ
ਕਿਛੁ ਆਪੇ ਆਪਿ ॥੨॥

ਅਨੁਵਾਦ

490.

ਭਾਗਾਂ ਵਾਲੇ ਕਈ ਪ੍ਰਾਨੀ,
ਹੇਠ ਤਲਾਈਆਂ ਬੇਫਿਕਰੀਂ ਸੁਤੇ।
ਕਈ ਉਹਨਾਂ ਦੇ ਰਾਖੇ ਬਣਕੇ,
ਪਹਿਰਾ ਦੇਣ ਉਹਨਾਂ ਦੇ ਉੱਤੇ।

491.

ਨਜ਼ਰ ਮੇਹਰ ਦੀ ਜੀਹਨਾਂ ਤੇ ਪਾਉਂਦਾ,
ਪ੍ਰਭ ਸੱਚਾ ਨੂਰੀ ਨਿਰੰਕਾਰ।
ਨਾਨਕ ਕਹਿਣ ਉਹਨਾਂ ਦਾ ਜੀਵਨ,
ਦੇਂਦਾ ਹੈ ਪ੍ਰਭ ਆਪ ਸਵਾਰ।

492.

ਆਪ ਹੀ ਇਹ ਪ੍ਰਭ ਸਾਜ ਕੇ ਸ਼੍ਰਿਸ਼ਟੀ,
ਆਪ ਹੀ ਸਾਜ ਸੰਵਾਰੇ।
ਹਰ ਇੱਕ ਦੀ ਉਹ ਕਰੇ ਪਾਲਨਾ,
ਆਪ ਰਖੇ ਆਪ ਮਾਰੇ।

493.

ਨਾਨਕ ਕਹਿਣ ਕਿ ਕਿਸਦੇ ਅੱਗੇ,
ਕੀ ਕੋਈ ਅਰਜ਼ ਗੁਜ਼ਾਰੇ।
ਆਪ ਹੀ ਉਹ ਸਮਰਥ ਪ੍ਰਭੂ ਹੈ,
ਆਪ ਉਹ ਸਭ ਕੁਝ ਪਿਆਰੇ।

ਗੁਰਬਾਣੀ

494.

ਪਾਉੜੀ॥

ਵਡੇ ਕੀਆ ਵਡਿਆਈਆ

ਕਿਛੁ ਕਹਣਾ ਕਹਣੁ ਨ ਜਾਇ॥

495.

ਸੋ ਕਰਤਾ ਕਾਦਰ ਕਰੀਮੁ ਦੇ

ਜੀਆ ਰਿਜਕੁ ਸੰਬਾਹਿ॥

496.

ਸਾਈ ਕਾਰ ਕਮਾਵਣੀ

ਧੁਰਿ ਛੋਡੀ ਤਿੰਨੈ ਪਾਇ॥

ਅਨੁਵਾਦ

494.

ਉਸ ਪ੍ਰਭ ਦੀਆਂ ਵਡਿਆਈਆਂ ਸਿਫ਼ਤਾਂ,
ਕਹਿਣੇ ਵਿੱਚ ਨ ਆਵਨ।
ਕਿਉਂਕਿ ਉਸ ਬੇਅੰਤ ਪ੍ਰਭੂ ਦੀ,
ਥਹੁ ਨ ਪ੍ਰਾਨੀ ਪਾਵਨ।

495.

ਆਪ ਹੀ ਉਹ ਜਗ ਸਿਰਜਣਹਾਰਾ,
ਆਪ ਹੀ ਮਾਲਕ ਭਾਰਾ।
ਆਪ ਹੀ ਸਭ ਨੂੰ ਰਿਜ਼ਕ ਪਹੁੰਚਾਵੇ,
ਆਪ ਹੀ ਬਖਸ਼ਨ ਹਾਰਾ।

496.

ਹਰ ਇੱਕ ਜੀਵ ਉਹੀ ਕੰਮ ਕਰਦਾ,
ਜੋ ਉਸ ਜਿਮੇਂ ਲਾਏ।
ਹਰ ਇੱਕ ਦੇ ਭਾਗਾਂ ਵਿੱਚ ਉਸਨੇ,
ਪਹਿਲਾਂ ਹੀ ਲਿਖ ਪਾਏ।

ਗੁਰਬਾਣੀ

497.

ਨਾਨਕ ਏਕੀ ਬਾਹਰੀ
ਹੋਰ ਦੂਜੀ ਨਾਹੀ ਜਾਇ ॥

498.

ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ

ਅਨੁਵਾਦ

497.

ਉਹ ਹੀ ਇਕੋਂ ਥਾਂ ਹੈ ਪ੍ਰਭ ਦੀ,
ਸਭ ਕੁੱਝ ਜਿੱਥੋਂ ਪਾਈਏ।
ਨਾਨਕ ਕਹਿਣ ਕਿ ਇਸ ਲਈ ਉਸ ਦੇ,
ਸਦ ਬਲਹਾਰੇ ਜਾਈਏ।


498.

ਉਹ ਮਰਜ਼ੀ ਦਾ ਮਾਲਕ ਵਡਾ,
ਆਪਣੀ ਮਰਜ਼ੀ ਕਰਦਾ।
ਨਿਰਭਉ ਉਹ ਨਿਰਵੈਰ ਹੈ ਨੂਰੀ,
ਸਭ ਦੀਆਂ ਝੋਲੀਆਂ ਭਰਦਾ।

ਸਾਡੇ ਸਹਿਯੋਗੀ

1. ਸ. ਹਰਗੋਬਿੰਦ ਸਿੰਘ ਜੀ ਗਰੇਵਾਲ
ਯੂ.ਕੇ., ਬਿਡਸਨ ਪਿਛੋਕੜ ਲੁਧਿਆਣਾ।
2. ਮੇਰੇ ਚਾਚਾ ਜੀ ਦੇ ਵੱਡੇ ਸਪੁੱਤਰ ਮੇਰੇ ਵੀਰ
ਸ. ਹਰਭਜਨ ਸਿੰਘ ਜੀ ਜੱਬਲ
ਯੂ.ਕੇ. ਸਲੋਹ ਪਿਛੋਕੜ ਮਾਨਾ ਤਲਵੰਡੀ, ਜ਼ਿਲ੍ਹਾ ਕਪੂਰਥਲਾ।
3. ਸ. ਹਰੀ ਸਿੰਘ ਮਥਾਰੂ,
ਕੋਆਰਡੀਨੇਟਰ ਸੰਤ ਸਿਪਾਹੀ ਵਿਚਾਰ ਮੰਚ ਗੁੜਗਾਉਂ।
4. ਸ. ਅਜੀਤ ਸਿੰਘ ਉਭੀ, ਯੂ.ਕੇ. ਬਰਮਿੰਘਮ
ਪਿਛੋਕੜ ਮਲੀਆਂ, ਨਜ਼ਦੀਕ ਕਰਤਾਰਪੁਰ, ਜ਼ਿਲ੍ਹਾ ਜਲੰਧਰ।
5. ਭਾਈ ਕੁਲਤਾਰ ਸਿੰਘ ਰਾਗੀ
ਪੁੱਤਰ ਭਾਈ ਅਵਤਾਰ ਸਿੰਘ ਰਾਗੀ, ਦਿੱਲੀ
ਪਿਛੋਕੜ ਸੈਦਪੁਰ, ਨਜ਼ਦੀਕ ਸੁਲਤਾਨਪੁਰ ਲੋਧੀ।
6. ਸ. ਇੰਦਰਜੀਤ ਸਿੰਘ ਘੁੰਗਰਾਲੀ
ਮੁੱਖ ਸੰਪਾਦਕ 'ਸਾਡਾ ਪੰਜਾਬ' ਜਲੰਧਰ।
7. ਸ. ਅਮਰਜੀਤ ਸਿੰਘ ਜੀ ਮਦਾਨ
ਪ੍ਰੀਤ ਵਾਚ ਕੰਪਨੀ, ਕਪੂਰਥਲਾ।
8. ਸ. ਕਰਮਜੀਤ ਸਿੰਘ ਇੰਜ. ਤੇ ਬੀਬੀ ਹਰਜਿੰਦਰ ਕੌਰ
12-ਬੀ, ਸਿਲਵਰ ਹਾਈਟਸ ਨੇੜੇ ਵਡਾਲਾ ਚੌਂਕ ਜਲੰਧਰ।
9. ਚੌਧਰੀ ਜਗਜੀਤ ਸਿੰਘ
ਪ੍ਰਧਾਨ, ਐੱਮ.ਜੀ.ਐੱਸ.ਐੱਮ., ਜਨਤਾ ਕਾਲਜ, ਕਰਤਾਰਪੁਰ।
10. ਸ. ਹਰਦੀਪ ਸਿੰਘ ਜੀ ਘਟਾਉੜਾ ਮਾਲਕ
ਆਤਮਾ ਮਕੈਨੀਕਲ ਵਰਕਸ, ਜੀ.ਟੀ. ਰੋਡ, ਕਰਤਾਰਪੁਰ।
11. ਰਮੇਸ਼ ਕੁਮਾਰ ਮਾਘੋ ਜੀ ਜਲੰਧਰ
ਨਜ਼ਦੀਕ ਡੀ.ਏ.ਵੀ. ਫਾਟਕ, ਜਲੰਧਰ।
12. ਸ. ਗੁਰਚਰਨ ਸਿੰਘ 'ਚਰਨ' ਪ੍ਰਧਾਨ ਕਵੀ ਸਭਾ ਦਿੱਲੀ

ਬਾਣੀ ਦੇ ਵਾਰਤਕ ਟੀਕੇ ਤਾਂ ਕਈ ਵਿਦਵਾਨਾਂ ਨੇ ਕੀਤੇ ਹਨ ਪਰ ਕਾਵਕ ਦੇ ਅਨੁਵਾਦ ਦਾ ਉੱਦਮ ਕਵੀ ਅਨੂਪ ਸਿੰਘ 'ਨੂਰੀ' ਨੇ ਕੀਤਾ ਹੈ। 100 ਸਾਲ ਪਹਿਲਾਂ ਇਕ ਮੁਸਲਮਾਨ ਵਿਦਵਾਨ ਖਵਾਜਾ ਦਿਲ ਮੁਹੰਮਦ ਐਮ.ਏ. ਨੇ ਜਪੁਜੀ ਤੇ ਸੁਖਮਨੀ ਦੇ ਕਾਵਿਕ ਅਨੁਵਾਦ ਉਰਦੂ ਜ਼ੁਬਾਨ ਵਿਚ ਕੀਤੇ ਸਨ ਜਿਨ੍ਹਾਂ ਨੂੰ ਕੌਮ ਨੇ ਪਰਵਾਨ ਕਰਕੇ ਬੇਹੱਦ ਮਾਣ ਸਨਮਾਨ ਦਿੱਤਾ।



ਅਨੂਪ ਸਿੰਘ 'ਨੂਰੀ'

ਨੂਰੀ ਜੀ ਨੇ ਬਾਰਾਂਮਾਂਹ, ਜਪੁਜੀ ਸਾਹਿਬ, ਸੁਖਮਨੀ ਸਾਹਿਬ, ਭਗਤ ਰਵਿਦਾਸ ਜੀ ਦੇ 40 ਸ਼ਬਦਾਂ ਦਾ, ਭਗਤ ਨਾਮਦੇਵ ਜੀ ਦੇ 61 ਸ਼ਬਦ, ਨਿੱਤਨੇਮ ਦੀਆਂ ਪੰਜ ਬਾਣੀਆਂ ਦਾ ਅਨੁਵਾਦ ਵੀ ਕਵਿਤਾ ਵਿਚ ਕਰਕੇ ਛਪਵਾਇਆ, ਜਿਸ ਦੀ ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਬਲਦੇਵ ਸਿੰਘ ਜੀ ਨੇ ਬਹੁਤ ਸਰਾਹੁਨਾ ਕੀਤੀ ਹੈ। ਇਨ੍ਹਾਂ ਦੀਆਂ ਦੋ ਕਾਵਿ ਅਨੁਵਾਦ ਪੁਸਤਕਾਂ ਸੁਖਮਨੀ ਦਾ ਨੂਰ ਅਤੇ ਨੂਰ ਦੇ ਕੁੰਡ ਨੂੰ ਸ਼੍ਰੋਮਣੀ ਗੁਰਦੁਆਰਾ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਪ੍ਰਚਾਰ ਤੇ ਪ੍ਰਸਾਰ ਲਈ ਖਰੀਦ ਕੇ ਇਨ੍ਹਾਂ ਦਾ ਮਾਣ ਕੀਤਾ।

ਪੁਸਤਕ ਸੁਖਮਨੀ ਦੇ ਨੂਰ ਨੂੰ ਨੰਦਪੁਰ ਕਲੌੜ ਦੀ ਸਭਾ ਵੱਲੋਂ ਪਹਿਲੇ ਦਰਜੇ ਦਾ ਗਿਆਨੀ ਦਿੱਤ ਸਿੰਘ ਐਵਾਰਡ ਪ੍ਰਾਪਤ ਹੋਇਆ। ਮਿਤੀ 10-2-2008 ਨੂੰ ਮੋਗਾ ਦੀ ਰਾਮਗੜ੍ਹੀਆ ਯੂਥ ਆਰਗੇਨਾਈਜ਼ੇਸ਼ਨ ਰਜਿਸਟਰ ਮੋਗਾ ਵੱਲੋਂ ਇਨ੍ਹਾਂ ਨੂੰ ਉਤਮ ਸਾਹਿਤਕਾਰ ਦੇ ਮਾਣ ਨਾਲ ਨਿਵਾਜਿਆ ਗਿਆ।

ਅੰਤ ਵਿਚ ਇਹ ਵੀ ਇਕ ਖੁਸ਼ੀ ਦੀ ਗੱਲ ਮੈਂ ਬੜੇ ਫ਼ਖ਼ਰ ਨਾਲ ਲਿਖ ਰਿਹਾ ਹਾਂ ਕਿ ਇਨ੍ਹਾਂ ਨੂੰ ਹਾਲ ਹੀ ਵਿਚ ਮਿਤੀ 18-3-2015 ਨੂੰ ਸਰਦਾਰ ਰਣਜੀਤ ਸਿੰਘ ਖੜਗ ਯਾਦਗਾਰੀ ਸ਼੍ਰੋਮਣੀ ਕਵੀ ਐਵਾਰਡ ਰਣਜੀਤ ਮੈਮੋਰੀਅਲ ਚੈਰੀਟੇਬਲ ਟਰੱਸਟ ਰਜਿਸਟਰ ਆਦਮਪੁਰ ਦੋਆਬਾ ਜਲੰਧਰ ਵੱਲੋਂ ਜਲੰਧਰ ਦੇ ਹੋਟਲ ਰਣਵੀਰ ਪ੍ਰਾਈਮ ਵਿਚ ਬਹੁਤ ਸਾਰੇ ਵਿਦਵਾਨਾਂ ਦੇ ਇਕੱਠ ਵਿਚ ਦਿੱਤਾ ਗਿਆ, ਜਿਸ ਵਿਚ ਖੜਗ ਜੀ ਦੇ ਸੁਘੜ ਸੁਜਾਨ ਸਪੁੱਤਰ ਇੰਜ. ਕਰਮਜੀਤ ਸਿੰਘ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਹਰਜਿੰਦਰ ਕੌਰ ਜੀ ਨੇ ਖੁਦ ਹਾਜ਼ਰ ਹੋ ਕੇ ਬਹੁਤ ਸਾਰਾ ਨਕਦ ਇਨਾਮ ਨਾਲ ਨੂਰੀ ਜੀ ਨੂੰ ਨਿਵਾਜਿਆ। ਹੁਣ ਇਨ੍ਹਾਂ ਦੀ ਨਵੀਂ ਪੁਸਤਕ ਅਨੁਵਾਦ ਆਸਾ ਦੀ ਵਾਰ ਨੂੰ ਮੈਂ ਆਪਣੇ ਵੱਲੋਂ ਤੇ ਆਪਣੀ ਧਰਮਪਤਨੀ ਪ੍ਰੋਫੈਸਰ ਬਲਵਿੰਦਰ ਕੌਰ ਐਮ.ਏ.ਪੀ.ਐਚ.ਡੀ. ਵੱਲੋਂ ਜੀ ਆਇਆ ਆਖਦਾ ਹੋਇਆ ਬਹੁਤ-ਬਹੁਤ ਵਧਾਈ ਦਿੰਦਾ ਹਾਂ।

ਪ੍ਰਿੰਸੀਪਲ ਗੋਬਿੰਦ ਸਿੰਘ ਐਮ.ਏ. ਪੀ.ਐਚ.ਡੀ.
ਮਸਤੂਆਣਾ ਕਾਲਜ ਸੰਗਰੂਰ (ਪੰਜਾਬ)
ਮੋ. 081461-93100